ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

## ਸਰਦਾਰ ਸ਼ਾਮ ਸਿੰਘ ਜੀ ਅਟਾਰੀ

JANI 983

ਜਨਵਰੀ ੧੯੮੩



ਸਿਖ ਰਾਜ ਦਾ ਅਣਖੀਲਾ, ਬੇਖ਼ੌਫ਼ ਤੇ ਸਿਰ-ਲੱਥ ਯੋਧਾ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ (ਮਿਤੀ ੧੭-੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ੧ੴ 'ਸਤਿ' (ਪਾਠ ਵਿਚਾਰ) | 'ਸੂਰਾ' ਪਰਵਾਰ | ੩ |
| 'ਨਾਮ' ਕੀ ਹੈ ?–ਇਹ ਕਿਵੇਂ ਬਣਿਆ ? | ਭਾ: ਸਾ: ਭਾਈ ਰਣਧੀਰ ਸਿੰਘ ਜੀ | ੮ |
| ਗੁਰਬਾਣੀ ਤੇ ਨਾਮ ਦਾ ਤੱਤ-ਜੋਤਿ-ਰਹੱਸ ਓਤਿ ਪੋਤਿ | ,, ,, ,, | ੧੦ |
| ਖਾਲਸੇ ਨੂੰ ਸਰਦਾਰੀ | ਸ: ਧਰਮ ਸਿੰਘ ਜੀ | ੧੨ |
| ਦਸਮੇਸ਼ ਜੀ ਪਾਸ ਜੋਦੜੀ (ਕਵਿਤਾ) | ਸ: ਤ੍ਰਿਲੋਕ ਸਿੰਘ ਜੀ ਵਾਸੂ | ੧੪ |
| ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ | ਸ: ਮਦਨ ਸਿੰਘ ਜੀ ਯੂ. ਕੇ. | ੧੫ |
| ਹਨੇਰ ਸਾਈਂ ਦਾ ! | ਭਾਈ ਸਾਹਿਬ ਰਾਮ ਸਿੰਘ ਜੀ | ੧੮ |
| ਸ: ਸ਼ਾਮ ਸਿੰਘ ਅਟਾਰੀ ਦੀ ਵਾਰ | ਸ: ਗੁਰਦੇਵ ਸਿੰਘ ਜੀ ਮਾਨ | ੨੦ |
| ਖਾਲਸਾ (ਕਵਿਤਾ) | ਗਿ: ਰਾਮ ਸਿੰਘ ਜੀ ਰਤਨ | ੨੨ |
| ਹਉਮੈ ਅਤੇ ਗੁਰੂ ਨਾਨਕ ਦੇਵ ਜੀ ਦਾ ਮਾਰਗ | ਪ੍ਰੋਫੈਸਰ ਸਾਹਿਬ ਸਿੰਘ ਜੀ | ੨੩ |
| ਬਾਣੀ ਗੁਰੂ ਗੁਰੂ ਹੈ ਬਾਣੀ | ਬੀਬੀ ਗੁਰਬਰਿੰਦਰ ਕੌਰ ਜੀ | ੨੫ |
| ਸਿੱਖਾਂ ਨੂੰ ਪਤਿਤ ਕਰਨ ਵਾਲੀ ਡੂੰਘੀ ਚਾਲ ਤੋਂ ਬਚਣ ਦੀ ਲੋੜ | ਗਿ: ਹਰਬੰਸ ਸਿੰਘ ਜੀ ਤੇਗ | ੨੭ |
| ਸਿਖ ਲਈ ਕੇਸ ਤੇ ਖੰਡੇ ਦੀ ਪਾਹੁਲ ਦੋਵੇਂ ਜ਼ਰੂਰੀ | ਭਾਈ ਬਲਵੰਤ ਸਿੰਘ ਜੀ ਖਾਲਸਾ | ੨੯ |
| ਸਿਖੀ ਜੀਵਨ ਵਿਚ ਸਿਦਕ-ਭਾਵਨਾ | ਗਿਆਨੀ ਗੋਪਾਲ ਸਿੰਘ ਜੀ ਮਿਤਰ | ੩੧ |
| ਛੋਟੇ ਸਾਹਿਬਜ਼ਾਦੇ ਵਜ਼ੀਰ ਖ਼ਾ ਦੀ ਕਚਹਿਰੀ ਵਿਚ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੩੩ |
| ਗੁਰਸਿਖੀ ਕਿਵੇਂ ਵਧੇ ਫੁਲੇ ? | ਸ: ਹਰਬੰਸ ਸਿੰਘ ਜੀ ਲਾਇਲਪੁਰੀ | ੩੫ |
| ਪੰਥਕ ਸਮਾਚਾਰ | ਰੋਜ਼ਾਨਾ 'ਅਜੀਤ' ਦੀ ਜ਼ਬਾਨੀ | ੩੭ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਵਤਾਰ ਧਾਰਿਆ ੨੭ ਜਨਵਰੀ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਜਸਬੀਰ ਸਿੰਘ ਚੰਡੀਗੜ੍ਹ | 'ਸੂਰਾ' ਦੀ ਚੜ੍ਹਦੀ ਕਲਾ ਲਈ | ੫-੦੦ |
| ਡਾ: ਮਹਿੰਦਰ ਸਿੰਘ ਡੈਂਟਲ ਸਰਜਨ ਅੰਮ੍ਰਿਤਸਰ | ਪੂਜਅ ਮਾਤਾ ਜੀ ਦੇ ਭੋਗ ਸਮੇਂ | ੧੦੧-੦੦ |
| ਭਾ: ਜੋਗਾ ਸਿੰਘ ਐਡਮੰਟਨ ਬੀ. ਸੀ. ਕੈਨੇਡਾ | 'ਸੂਰਾ' ਦੀ ਚੜ੍ਹਦੀ ਕਲਾ ਲਈ | ੭੮-੦੦ |
| ਸ: ਅਤਰ ਸਿੰਘ ਲੁਧਿਆਣਾ | ,, ,, ,, | ੧੧-੦੦ |
| ਸ: ਸੁਰਿੰਦਰ ਸਿੰਘ ਲੀਮੰਗਟਨ | ,, ,, ,, | ੮-੬੩ |
| ਸ੍ਰੀਮਤੀ ਸਤਵੰਤ ਕੌਰ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੩੧੪-੮੦ |
| ਸ: ਬਲਬੀਰ ਸਿੰਘ ਬਟਾਲਾਂ | ,, ,, ,, | ੫-੦੦ |
| ਗਿ: ਮਨਮੋਹਨ ਸਿੰਘ ਛਤਵਾਲ ਨਵੀਂ ਦਿੱਲੀ | ਪਿਤਾ ਜੀ ਦੀ ਸਾਲਾਨ: ਯਾਦ ਵਿਚ | ੧੦-੦੦ |
| ਗੁਪਤ ਦਾਨ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੫੦-੦੦ |
| ਸ: ਜਸਵੰਤ ਸਿੰਘ ਪਟਿਆਲਾ | ,, ,, ,, | ੧੦-੦੦ |
| ਸੂਬੇਦਾਰ ਬਲਦੇਵ ਸਿੰਘ ਮੋਹਨਪੁਰ | 'ਸੂਰਾ' ਦੀ ਚੜ੍ਹਦੀ ਕਲਾ ਲਈ | ੮੦-੦੦ |
| ਬੀਬੀ ਦਵਿੰਦਰ ਕੌਰ ਜਹਾਂਗੀਰ | ,, ,, ,, | ੧੧-੦੦ |
| ਬੀਬੀ ਜਸਵਿੰਦਰ ਕੌਰ | ,, ,, ,, | ੧੦-੦੦ |
| ਸ: ਸਤਪਾਲ ਸਿੰਘ ਮੁਜ਼ੱਫਰਪੁਰ | ,, ,, ,, | ੧੦ ੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ
ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧.੮੩ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ


**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੨੫ |
| **ਪਰਦੇਸ** | |
| ਸਮੁੰਦਰੀ ਡਾਕ | ੩੦-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੪੫-੦੦ |
| ਯੂ. ਕੇ., ਅਫ਼ਰੀਕਾ | ੬੦-੦੦ |
| ਕੈਨੇਡਾ, ਅਮਰੀਕਾ | ੭੦-੦੦ |
| **ਅਮਾਨਤੀ ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੦੦-੦੦ |
| **ਹਵਾਈ ਡਾਕ** | |
| ਯੂ. ਕੇ. ਅਫਰੀਕਾ | ੬੫੦-੦੦ |
| ਕੈਨੇਡਾ, ਅਮਰੀਕਾ | ੭੦੦-੦੦ |
| ਅਰਬ ਮਲਾਇਆ | ੫੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੭ ਜਨਵਰੀ ੧੯੮੩ ਅੰਕ ੧


## ੴ 'ਸਤਿ'

ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥
ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ ॥
ਮੇਰੇ ਮਨ ਅਨਦਿਨੁ ਧਿਆਇ ਨਿਰੰਕਾਰੁ ਨਿਰਾਹਾਰੀ ॥੧॥ ਰਹਾਉ ॥
ਹਰਿ ਦਰਸਨ ਕਉ ਹਰਿ ਦਰਸਨ ਕਉ
ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ
ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ ॥
ਤਿਨ ਜਨ ਕੀ ਸੇਵਾ ਥਾਇ ਪਈ ਜਿਨ ਕਉ ਕਿਰਪਾਲ ਹੋਵਤੁ ਬਨਵਾਰੀ ॥੧॥
ਹਰਿ ਕੇ ਸੰਤ ਭਲੇ ਤੇ ਊਤਮ ਭਗਤ ਭਲੇ
ਜੋ ਭਾਵਤ ਹਰਿ ਰਾਮ ਮੁਰਾਰੀ ॥
ਜਿਨ ਕਾ ਅੰਗੁ ਕਰੈ ਮੇਰਾ ਸੁਆਮੀ ਤਿਨ ਕੀ ਨਾਨਕ ਹਰਿ ਪੈਜ ਸਵਾਰੀ ॥੨॥੪॥੧੧॥

—ਸਾਰਗ ਮਹਲਾ ੪, ਪੰਨਾ ੧੨੦੧-੦੨

www.AKJ.Org

# ੴ 'ਸਤਿ'

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ੴ ਸਤਿ ਨਾਮੁ ਕਰਤਾ ਪੁਰਖੁ ... ... ... ... ... ... ... ... ... ... ... ... ਗੁਰ ਪ੍ਰਸਾਦਿ ॥

ੴ ਸਤਿ ਨਾਮੁ ... ... ... ... ... ... ... ... ... ... ... ... ... ... ... ... ਗੁਰ ਪ੍ਰਸਾਦਿ ॥

ੴ ਸਤਿ ... ... ... ...... ... ... ... ... ... ... ... ... ... ... ... ... ਗੁਰ ਪ੍ਰਸਾਦਿ ॥

ਮੁਢਲੇ ਸਫ਼ੇ ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਸਾਰੰਗ ਰਾਗ ਦਾ ਜੋ ਸ਼ਬਦ ਦਿਤਾ ਗਿਆ ਹੈ, ਉਸ ਵਿਚ ਮਨ ਨੂੰ ਪ੍ਰੇਰਨਾ ਹੈ, ਹੇ ਮਨ ! ਉਸ ਨਿਰ-ਅਕਾਰ ਤੇ ਨਿਰ-ਅਹਾਰ ਵਾਹਿਗੁਰੂ ਨੂੰ ਹਰ ਵਕਤ ਜਪੀ ਜਾ, ਜੋ ਨਿਰਭਉ ਹੈ, ਜੋ ਨਿਰਵੈਰ ਹੈ, ਅਕਾਲ ਮੂਰਤਿ ਹੈ, ਅਜੂਨੀ ਹੈ, ਸੰਭਉ (ਸੁਤੇ ਪ੍ਰਕਾਸ਼) ਹੈ ਅਤੇ ਜੋ ਤਿੰਨ ਕਾਲ ਸਤਿ ਸਰੂਪ ਹੈ। ਉਸ ਦੇ ਦਰਸ਼ਨਾਂ ਲਈ, ਹਾਂ ਜੀ, ਉਸ ਵਾਹਿਗੁਰੂ ਜੀ ਦੇ ਦਰਸ਼ਨਾਂ ਲਈ ਕਰੋੜਾਂ ਹੀ ਤੇਤੀ-ਕਰੋੜ-ਦੇਵਤੇ, ਸਿਧ, ਜਤੀ, ਜੋਗੀ ਤੀਰਥਾਂ ਦੇ ਕੰਢਿਆਂ ਤੇ ਨਿਰ-ਅਹਾਰ ਰਹਿ ਕੇ ਭਰਮਣ ਕਰਦੇ ਫਿਰਦੇ ਹਨ। ਪਰ ਜਿਨ੍ਹਾਂ ਤੇ ਵਾਹਿਗੁਰੂ ਆਪ ਕਿਰਪਾਲੂ ਹੁੰਦਾ ਹੈ ਉਨ੍ਹਾਂ ਸੇਵਕਾਂ ਦੀ ਸੇਵਾ ਹੀ ਥਾਇ ਪੈਂਦੀ ਹੈ। ਜੋ ਰਾਮ ਮੁਰਾਰੀ ਵਾਹਿਗੁਰੂ ਜੀ ਨੂੰ ਭਾ ਜਾਂਦੇ ਹਨ, ਉਹ ਸੰਤ, ਉਹ ਭਗਤ ਭਲੇ ਹਨ, ਉਤਮ ਹਨ, ਅਤੇ ਮੈਂ ਨਾਨਕ ਦਾ ਸੁਆਮੀ ਵਾਹਿਗੁਰੂ ਉਨ੍ਹਾਂ ਦਾ ਅੰਗ ਪਾਲਦਾ ਹੈ, ਉਨ੍ਹਾਂ ਦੀ ਪੈਜ ਰਖਦਾ ਹੈ।

ਉਪਰੋਕਤ ਸ਼ਬਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਮੰਗਲਾਂ ਵਿਚ ਵਰਤੇ ਗਏ ਸਗਵੇਂ ਸ਼ਬਦਾਂ ਦਾ ਵਰਨਣ ਇਉਂ ਮਿਲਦਾ ਹੈ—

ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥
ਨਿਰਵੈਰ ਅਕਾਲ ਮੂਰਤਿ ॥ ਆਜੂਨੀ ਸੰਭਉ ॥

ਇਸ ਸ਼ਬਦ ਵਿਚ ਬੜੇ ਸਪਸ਼ਟ ਰੂਪ ਵਿਚ ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ ਸੰਭਉ ਸਰੂਪ ਵਾਲੇ ਵਾਹਿਗੁਰੂ ਜੀ ਨੂੰ "ਸਤਿ ਸਤਿ ਸਦਾ ਸਤਿ" ਕਰਕੇ ਬਿਆਨਿਆ ਗਿਆ ਹੈ।

ਇਸ ਸ਼ਬਦ ਤੋਂ ਅਗੇ ਹਥਲੇ ਲੇਖ ਦੇ ਅਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਮੰਗਲਾਂ ਦੇ ਵਖ ਵਖ ਸਰੂਪ ਦਿਤੇ ਗਏ ਹਨ। ਇਹ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਗਪਗ ਹਰੇਕ ਰਾਗ ਦੇ ਅਰੰਭ ਵਿਚ, ਹਰੇਕ ਸਤਿਗੁਰੂ ਪਾਤਸ਼ਾਹ ਅਤੇ ਹਰੇਕ ਭਗਤ ਜੀ ਦੀ ਬਾਣੀ ਦੇ ਅਰੰਭ ਵਿਚ ਸ਼ਬਦਾਂ, ਅਸ਼ਟ-ਪਦੀਆਂ ਅਤੇ ਛੰਦਾਂ ਆਦਿ ਦੇ ਅਰੰਭ ਵਿਚ ਦਿਤੇ ਹੋਏ ਹਨ। ਇਹ ਮੰਗਲ ਉਪਰੋਕਤ ਚਾਰ ਰੂਪਾਂ ਵਿਚ ਮਿਲਦੇ ਹਨ।

ਸਭ ਤੋਂ ਪਹਿਲਾਂ ਪੂਰਾ ਮੰਗਲ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਮ ਕਰਕੇ ਰਾਗਾਂ ਦੇ ਅਰੰਭ


www.AKJ.Org

ਵਿਚ ਅਤੇ ਕਈ ਬਾਣੀਆਂ ਦੇ ਅਰੰਭ ਵਿਚ ਦਿਤਾ ਗਿਆ ਹੋਇਆ ਹੈ। ਦੋ ਨੰਬਰ ਦਾ ਮੰਗਲ ਸੰਖੇਪ ਰੂਪ ਵਿਚ ਹੈ ਅਤੇ ਤਿੰਨ ਨੰਬਰ ਦਾ ਮੰਗਲ ਹੋਰ ਸੰਖੇਪ ਹੈ। ਦੋ ਤੇ ਤਿੰਨ ਨੰਬਰ ਦੇ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਝ ਹੀ ਥਾਈਂ ਆਏ ਹੋਏ ਹਨ। ਪਰ ਚਾਰ ਨੰਬਰ ਵਾਲਾ ਮੰਗਲ ਜੋ ਬਿਲਕੁਲ ਸੂਤਰ ਰੂਪ ਵਿਚ "ੴ ਸਤਿਗੁਰਪ੍ਰਸਾਦਿ" ਹੈ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਵਧੀਕ ਵਾਰੀ ਆਇਆ ਹੈ। ਇਸ ਮੰਗਲ ਦੇ ਪਾਠ ਕਰਨ ਸਮੇਂ ਜੁੜਵੇਂ ਪਦਾਂ ਨੂੰ ਨਿਖੇੜਨ ਸੰਬੰਧੀ ਵਿਦਵਾਨਾਂ ਵਿਚ ਮਤ-ਭੇਦ ਹੈ ਅਤੇ ਇਹ ਦੋ ਤਰ੍ਹਾਂ ਨਿਖੇੜਿਆ ਜਾਂਦਾ ਹੈ–

(੧) ੴ ਸਤਿਗੁਰ ਪ੍ਰਸਾਦਿ ॥ (੨) ੴ ਸਤਿ ਗੁਰ ਪ੍ਰਸਾਦਿ ॥

ਇਹ ਮੰਗਲ ਚੂੰਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੇਅੰਤ ਵਾਰੀ ਆਇਆ ਹੈ, ਇਸ ਲਈ ਇਸ ਦੇ ਪਾਠ ਕਰਨ ਵਿਚ ਜੋ ਵਖੇਵਾਂ ਹੈ, ਉਹ ਪੰਥਕ ਤੌਰ ਤੇ ਵਿਚਾਰ ਕੇ ਦੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦਾ ਪਾਠ ਸਭ ਥਾਈਂ ਠੀਕ ਵਿਚਾਰ ਪਿਛੋਂ ਇਕ-ਸਾਰ ਹੀ ਕੀਤਾ ਜਾਣਾ ਬਣਦਾ ਹੈ।

(੧) ਪੂਰੇ ਮੰਗਲ ਵਿਚ ਵਾਹਿਗੁਰੂ ਜੀ ਦਾ ਸਰੂਪ ਬਿਆਨ ਕਰਨ ਲਗਿਆਂ ਦਸਿਆ ਗਿਆ ਹੈ ਕਿ ਉਹ ੴ ਜੋ ਹੈ ਉਸ ਦਾ ਨਾਂ ਸਤ੍ਯ ਹੈ, ਉਹ ਵਿਆਪਕ ਪੁਰਖ ਸਭ ਕਾਸੇ ਦਾ ਕਰਤਾ ਹੈ, ਉਸ ਨੂੰ ਕਿਸੇ ਨਾਲ ਵੈਰ ਨਹੀਂ, ਉਸ ਦੀ ਮੂਰਤੀ ਅਜਿਹੀ ਹੈ ਜੋ ਕਾਲ-ਰਹਿਤ ਹੈ, ਉਹ ਜਨਮ-ਮਰਨ ਅਥਵਾ ਜੂਨਾਂ ਤੋਂ ਪਰੇ ਹੈ ਅਤੇ ਉਹ ਸੁਤੇ ਪ੍ਰਕਾਸ਼ ਹੈ, ਅਜਿਹੇ ਗੁਣਾਂ ਅਤੇ ਸਰੂਪ ਵਾਲਾ ਵਾਹਿਗੁਰੂ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

(੨) ਦੂਜੇ ਸੰਖੇਪ ਮੰਗਲ ਵਿਚ ਦਸਿਆ ਗਿਆ ਹੈ ਕਿ ੴ (ਵਾਹਿਗੁਰੂ) ਦਾ ਨਾਮ ਸਤਿ ਹੈ ਅਤੇ ਉਹ ਵਿਆਪਕ ਪੁਰਖ ਹਰੇਕ ਦਾ ਰਚਣਹਾਰ ਕਰਤਾ ਹੈ। ਐਸਾ ਵਾਹਿਗੁਰੂ ਗੁਰੂ ਦੀ ਬਖ਼ਸ਼ਸ਼ ਰਾਹੀਂ ਹੀ ਪਾਇਆ ਜਾ ਸਕਦਾ ਹੈ।

(੩) ਤੀਜੇ ਨੰਬਰ ਤੇ ਆਏ ਮੰਗਲ ਵਿਚ ਹੋਰ ਸੰਖੇਪ ਰੂਪ ਵਿਚ ਦਸਿਆ ਹੈ ਕਿ ਉਸ ੴ ਵਾਹਿਗੁਰੂ ਦਾ ਨਾਂ ਸਤਿ ਹੈ ਅਤੇ ਉਹ ਗੁਰੂ ਦੀ ਕਿਰਪਾ ਨਾਲ ਮਿਲ ਸਕਦਾ ਹੈ।

(੪) ਚੌਥਾ ਮੰਗਲ ਸੂਤਰ ਮਾਤਰ ਹੈ। ਇਸ ਵਿਚ ਦਸਿਆ ਹੋਇਆ ਹੈ ਕਿ 'ੴ' ਅਕਾਲ ਪੁਰਖ ਵਾਹਿਗੁਰੂ ਸਤਿ ਸਰੂਪ ਹੈ ਅਤੇ ਉਹ ਗੁਰੂ ਦੀ ਕਿਰਪਾ ਸਦਕਾ ਮਿਲ ਸਕਦਾ ਹੈ।

'ਸਤਿ' ਸ਼ਬਦ ਆਪਣੇ ਆਪ ਵਿਚ ਮੁਕੰਮਲ ਹੈ। 'ਸਤਿ' ਸ਼ਬਦ ਦੇ ਅਰਥ ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਇਉਂ ਕਰਦੇ ਹਨ–

"ਸਤਿ=ਗੁਰਬਾਣੀ ਵਿਚ ਕਈ ਜਗਾ ਯ ਦੀ ਥਾਂ ਸਿਹਾਰੀ ਲਗਾਈ ਜਾਂਦੀ ਹੈ, ਸਤ੍ਯ ਦੀ ਥਾਂ ਸਤਿ ਸ਼ਬਦ ਹੈ। ਸਤ੍ਯ ਰੂਪ ਪਾਰਬ੍ਰਹਮ, ਵਾਹਿਗੁਰੂ-ਸਤਿ ਨਾਮੁ ਕਰਤਾ ਪੁਰਖੁ।"

"ਸਤ੍ਯ-ਪਾਰਬ੍ਰਹਮ, ਕਰਤਾਰ, ਜੋ ਸਦਾ ਨਿਤ੍ਯ ਹੈ।"

"ਸਤਿਨਾਮੁ=ਤਿੰਨ ਕਾਲ ਵਿਚ ਇਕ ਰਸ ਹੋਣ ਵਾਲਾ ਪ੍ਰਸਿਧ ਪਾਰਬ੍ਰਹਮ, ਸਤ੍ਯ ਹੈ ਨਾਮ ਜਿਸ ਦਾ।"

ਪ੍ਰੋਫੈਸਰ ਸਾਹਿਬ ਸਿੰਘ ਜੀ ਆਪਣੇ ਜਪੁਜੀ ਦੇ ਟੀਕੇ ਵਿਚ 'ਸਤਿਨਾਮੁ' ਦੇ ਅਰਥ ਲਿਖਦੇ ਹਨ–

"ਸਤਿਨਾਮੁ=ਜਿਸ ਦਾ ਨਾਮ 'ਸਤਿ' ਹੈ। ਲਫ਼ਜ਼ 'ਸਤਿ' ਦਾ ਸੰਸਕ੍ਰਿਤ ਰੂਪ 'ਸਤ੍ਯ' ਹੈ। ਇਸ ਦਾ ਅਰਥ ਹੈ 'ਹੋਂਦ ਵਾਲਾ'। ਸੋ 'ਸਤਿਨਾਮੁ' ਦਾ ਅਰਥ ਹੈ, "ਉਹ ਇਕ ਓਅੰਕਾਰ, ਜਿਸ ਦਾ ਨਾਮ ਹੈ ('ਸਤਿ', ਭਾਵ) ਹੋਂਦ ਵਾਲਾ।"

ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਸਤਿਨਾਮ' ਦੀ ਵਿਆਖਿਆ ਇਕ ਪੁਸਤਕ ਵਿਚ ਕੀਤੀ ਹੈ। ਉਹ ਲੇਖ ਵੀ ਨਾਲ ਦੇ ਪੰਨਿਆਂ ਵਿਚ ਦਿਤਾ ਜਾ ਰਿਹਾ ਹੈ। ਉਸ ਲੇਖ ਵਿਚੋਂ 'ਸਤਿਨਾਮ' ਦੀ ਵਿਆਖਿਆ


www.AKJ.Org

ਪੜ੍ਹ ਕੇ 'ਸਤਿਨਾਮ' ਸੰਬੰਧੀ ਵਿਚਾਰ ਸਪੱਸ਼ਟ ਹੋ ਜਾਂਦੀ ਹੈ।

'ਸਤਿਨਾਮੁ' ਇਕ ਸਮਾਸੀ (ਜੁੜਤ) (Compound) ਸ਼ਬਦ ਹੈ, ਜੋ ਦੋ ਸ਼ਬਦਾਂ 'ਸਤਿ' ਅਤੇ 'ਨਾਮ' ਦੇ ਮੇਲ ਨਾਲ ਬਣਿਆ ਹੋਇਆ ਹੈ। ਇਹ ਸਮਾਸੀ ਸ਼ਬਦ ਬਿਲਕੁਲ ਜੋੜ ਕੇ ਵੀ ਲਿਖੇ ਜਾਂਦੇ ਹਨ, ਅਤੇ ਨੇੜੇ ਨੇੜੇ ਰਖ ਕੇ ਵੀ ਲਿਖੇ ਜਾਂਦੇ ਹਨ। ਅਜ ਕਲ੍ਹ ਦੀ ਪੰਜਾਬੀ ਵਿਚ ਅਜਿਹੇ ਸ਼ਬਦ ਵਿਚਕਾਰ ਜੋੜਨੀ ਪਾ ਕੇ ਲਿਖੇ ਜਾਂਦੇ ਹਨ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਸਤਿ' ਸ਼ਬਦ ਦੇ ਅਰਥ ਦੇ ਕੇ ਅਗੇ ਤੁਕ ਦਾ ਜੋ ਹਿੱਸਾ ਦਿਤਾ ਹੈ ਉਸ ਵਿਚ ਸਤਿ ਨਾਮੁ ਵਖ ਵਖ ਕਰਕੇ ਇਉਂ ਲਿਖਿਆ ਹੈ, "ਸਤਿ ਨਾਮੁ ਕਰਤਾ ਪੁਰਖ।"

'ਸਤਿਨਾਮੁ' ਸਮਾਸੀ ਸ਼ਬਦ ਹੈ ਅਤੇ ਮੰਗਲ ਵਿਚ ਉਸੇ ਤਰ੍ਹਾਂ ਦੇ ਅਰਥਾਂ ਵਾਲਾ ਹੈ ਜਿਵੇਂ ਕਿ 'ਕਰਤਾ ਪੁਰਖ' ਹੈ, ਜਿਵੇਂ ਕਿ 'ਅਕਾਲ ਮੂਰਤਿ' ਹੈ। ਇਨ੍ਹਾਂ ਸ਼ਬਦਾਂ ਵਿਚ ਇਨ੍ਹਾਂ ਗੱਲਾਂ ਦਾ ਨਿਰਣਾ ਹੈ ਕਿ ਉਹ ਵਾਹਿਗੁਰੂ ਇਸ ਤਰ੍ਹਾਂ ਦੇ ਨਾਮ ਵਾਲਾ ਹੈ, ਇਸ ਤਰ੍ਹਾਂ ਦਾ ਪੁਰਖ ਹੈ ਅਤੇ ਐਸੀ ਮੂਰਤੀ ਵਾਲਾ ਹੈ।

ਸੁਖਮਨੀ ਸਾਹਿਬ ਦੀ ੧੮ਵੀਂ ਅਸ਼ਟਪਦੀ ਵਿਚ "ਸਤਿਗੁਰੂ" ਦਾ ਸਰੂਪ ਬਿਆਨ ਕੀਤਾ ਹੈ ਤਾਂ ਅਰੰਭਕ ਸਲੋਕ ਵਿਚ ਦਸਿਆ ਹੈ ਕਿ 'ਸਤਿਗੁਰੁ' ਉਹ ਹੈ ਜਿਸ ਨੇ "ਸਤਿ ਪੁਰਖੁ" ਵਾਹਿਗੁਰੂ ਜੀ ਨੂੰ ਜਾਣਿਆ ਹੈ। ਸੋ ਇਥੇ ਵੀ ਅਕਾਲ ਪੁਰਖ ਨੂੰ 'ਸਤਿ ਪੁਰਖੁ' ਕਰਕੇ ਬਿਆਨਿਆ ਹੈ।

ਜਿਵੇਂ 'ਸਤਿ ਰੂਪੁ', 'ਸਤਿ ਪੁਰਖੁ', 'ਅਕਾਲ ਪੁਰਖ' ਆਦਿ ਸ਼ਬਦਾਂ ਦਾ ਉਚਾਰਨ ਸਮਾਸੀ ਸ਼ਬਦਾਂ ਵਾਂਗ ਇਉਂ ਜੁੜਵਾਂ ਕੀਤਾ ਜਾਂਦਾ ਹੈ ਕਿ ਉਹ ਕਿਸੇ "ਇਕ" ਦੇ ਹੀ ਸੂਚਕ ਜਾਪਦੇ ਹਨ, ਓਵੇਂ ਹੀ 'ਸਤਿ ਨਾਮੁ' ਦਾ ਉਚਾਰਨ ਵੀ ਕਰਨਾ ਹੈ। ਉਚਾਰਨ ਇਸ ਤਰ੍ਹਾਂ ਨਿਖੇੜ ਕੇ ਨਹੀਂ ਕਰਨਾ ਜੋ ਉਹ "ਇਕ" ਦੀ ਥਾਂ "ਦੋ" ਵਖ ਵਖ ਜਾਪਣ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਵੀਚਾਰੀਏ ਤਾਂ 'ਸਤਿ' ਸ਼ਬਦ ਮੁਕੰਮਲ ਅਰਥਾਂ ਵਿਚ ਬੇਅੰਤ ਥਾਵੀਂ ਮਿਲਦਾ ਹੈ। ਗੁਰਸਿਖ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਨਿਤ ਕਰਦੇ ਹਨ। ਸੁਖਮਨੀ ਸਾਹਿਬ ਵਿਚ ਹੀ 'ਸਤਿ' ਸ਼ਬਦ ਦੀ ਭਰਪੂਰ ਵਰਤੋਂ ਮਿਲਦੀ ਹੈ। ਪੂਰੇ ਮੰਗਲ ਵਿਚ ਜਿਥੇ ਉਸ 'ੴ' ਨੂੰ ਸਤਿ ਨਾਮ ਕਰਕੇ ਲਿਖਿਆ ਹੈ ਉਥੇ ਇਸ ਬਾਣੀ ਵਿਚ ਉਸ ਨੂੰ 'ਸਤਿ ਰੂਪੁ', 'ਸਤਿ ਪੁਰਖੁ' ਆਦਿ ਕਰ ਕੇ ਵੀ ਲਿਖਿਆ ਹੈ। ੧੬ਵੀਂ ਅਸ਼ਟਪਦੀ ਵਿਚ ਅਕਾਲ ਪੁਰਖ ਦੇ ਰੂਪ, ਰੇਖ, ਰੰਗ ਆਦਿ ਦੀ ਵਿਆਖਿਆ ਕਰਦੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ–

'ਰੂਪੁ ਸਤਿ' ਜਾ ਕਾ ਸਤਿ ਅਸਥਾਨੁ ॥ 'ਪੁਰਖੁ ਸਤਿ' ਕੇਵਲ ਪਰਧਾਨੁ ॥੬॥

ਇਸੇ ਤਰ੍ਹਾਂ ੧੭ਵੀਂ ਅਸਟਪਦੀ ਦੇ ਅਰੰਭਕ ਸਲੋਕ ਵਿਚ ਉਸ ਸਚ ਸਰੂਪ ਵਾਹਿਗੁਰੂ ਨੂੰ ਤਿੰਨ ਕਾਲ 'ਸਚੁ' ਬਿਆਨ ਕੀਤਾ ਗਿਆ ਹੈ ਅਤੇ ਫਿਰ ਪਹਿਲੇ ਪਦੇ ਵਿਚ ਵਿਆਖਿਆ ਕਰਦੇ ਫੁਰਮਾਂਦੇ ਹਨ–

'ਦਰਸਨੁ ਸਤਿ' ਸਤਿ ਪੇਖਨਹਾਰ ॥ 'ਨਾਮੁ ਸਤਿ' ਸਤਿ ਧਿਆਵਨਹਾਰ ॥
ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥
ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥
ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥

'ਸਤਿ' ਸ਼ਬਦ ਵਖਰੇ ਰੂਪ ਵਿਚ ਗੁਰਬਾਣੀ ਵਿਚ ਬੇਅੰਤ ਥਾਈਂ ਮਿਲਦਾ ਹੈ; ਜਿਹਾ ਕਿ–

– ਸਤਿ ਸਤਿ ਸਦਾ ਸਤਿ ॥ਰਹਾਉ॥੪॥੧੧॥ (ਪੰਨਾ ੧੨੦੧)
– ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ॥੨॥੧॥੭॥ (ਪੰਨਾ ੬੯੮)
– ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥੫॥੧॥ (ਪੰਨਾ ੧੦੭੨)


www.AKJ.Org

– ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥੮॥੧੨॥ (ਪੰਨਾ ੨੭੯)
– ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥੬॥ (ਪੰਨਾ ੧੩੮੫)

ਸੋ ਗੁਰਬਾਣੀ ਦੇ ਟੀਕਿਆਂ ਅਨੁਸਾਰ ਅਤੇ ਗੁਰਬਾਣੀ ਵਿਚ ਵਰਤੇ 'ਸਤਿ'ਸ਼ਬਦ ਦੀ ਮੁਕੰਮਲ ਰੂਪ ਵਿਚ ਭਰਪੂਰ ਵਰਤੋਂ ਅਨੁਸਾਰ ਇਹ ਗੱਲ ਉਘੜ ਕੇ ਸਾਡੇ ਸਾਹਮਣੇ ਆ ਜਾਂਦੀ ਹੈ ਕਿ 'ਸਤਿ' ਸ਼ਬਦ ਆਪਣੇ ਆਪ ਵਿਚ ਸੰਪੂਰਨ ਅਰਥਾਂ ਵਾਲਾ ਸ਼ਬਦ ਹੈ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕਾਂ ਵਾਰ ਆਏ ਹੋਏ ਮੰਗਲ "੧ਓ ਸਤਿਗੁਰਪ੍ਰਸਾਦਿ" ਵਿਚ 'ਸਤਿ' ਸ਼ਬਦ ਦਾ ਉਚਾਰਨ ਵਖਰਾ ਹੈ।

ਲੇਖ ਦੇ ਅਰੰਭ ਵਿਚ ਦਿਤੇ ਗਏ ਚਾਰ ਵਖ ਵਖ ਮੰਗਲਾਂ ਦੇ ਦਰਸ਼ਨ ਕੀਤਿਆਂ ਇਹ ਪਰਤੱਖ ਰੂਪ ਵਿਚ ਦਿਸ ਰਿਹਾ ਹੈ ਕਿ ਹਰੇਕ ਮੰਗਲ ਦੇ ਅੰਤ ਵਿਚ "ਗੁਰ ਪ੍ਰਸਾਦਿ" ਦੀ ਇਕ-ਸਾਰਤਾ ਹੈ। ਪਹਿਲੇ ਤਿੰਨਾਂ ਮੰਗਲਾਂ ਦਾ ਅੰਤਲਾ ਸਮਾਸੀ ਸ਼ਬਦ "ਗੁਰ ਪ੍ਰਸਾਦਿ" ਹੈ, ਫਿਰ ਚੌਥੇ ਮੰਗਲ ਵਿਚ ਅਸੀਂ "ਸਤਿ" ਸ਼ਬਦ ਨੂੰ "ਗੁਰ ਪ੍ਰਸਾਦਿ" ਨਾਲ ਜੋੜ ਕੇ ਕਿਵੇਂ 'ਸਤਿਗੁਰ ਪ੍ਰਸਾਦਿ' ਬਣਾ ਲੈਂਦੇ ਹਾਂ?

'ਗੁਰ ਪ੍ਰਸਾਦ' ਸ਼ਬਦ ਤਾਂ ਇਨ੍ਹਾਂ ਮੰਗਲਾਂ ਵਿਚ ਉਸੇ ਤਰ੍ਹਾਂ ਦਾ 'ਇਕ' ਪੂਰਾ ਸ਼ਬਦ-ਜੁਟ ਹੈ ਜਿਵੇਂ ਕਿ ਸਤਿਨਾਮ, ਕਰਤਾ ਪੁਰਖੁ, ਨਿਰਭਉ ਨਿਰਵੈਰੁ, ਅਕਾਲ ਮੂਰਤਿ ਆਦਿ ਸ਼ਬਦ ਹਨ। ਦੂਜੇ ਪਾਸੇ 'ਸਤਿ' ਸ਼ਬਦ ਆਪਣੇ ਆਪ ਵਿਚ ਵਖਰਾ ਮੁਕੰਮਲ ਸ਼ਬਦ ਹੈ। ਇਸ ਨੂੰ ਇਥੇ "ਗੁਰ ਪ੍ਰਸਾਦ" ਦੇ ਨਾਲ ਜੋੜ ਕੇ 'ਸਤਿਗੁਰ ਪ੍ਰਸਾਦਿ' ਕਰਨ ਦੀ ਕੀ ਲੋੜ ਹੈ, ਜਦ ਕਿ ਬਾਕੀ ਦੇ ਮੰਗਲਾਂ ਦੇ ਅੰਤ ਵਿਚ 'ਗੁਰ ਪ੍ਰਸਾਦਿ' ਹੀ ਮਿਲਦਾ ਹੈ। ਸਾਰੇ ਮੰਗਲਾਂ ਵਿਚ 'ਗੁਰ ਪ੍ਰਸਾਦ' ਦੀ ਇਕ-ਸਾਰਤਾ ਹੀ ਪਰਤੱਖ ਤੌਰ ਤੇ ਦਿਸ ਰਹੀ ਹੈ। ਇਸ ਅੰਤਲੇ ਮੰਗਲ ਵਿਚ ਤਾਂ 'ਸਤਿ' ਸ਼ਬਦ '੧ਓ' ਦੇ ਸਰੂਪ ਨੂੰ ਬਿਆਨ ਕਰ ਰਿਹਾ ਹੈ ਕਿ ਉਹ ਵਾਹਿਗੁਰੂ ਸਤਿ ਸਰੂਪ ਹੈ। ਅਤੇ ਅਜਿਹਾ ਸਤਿ ਸਰੂਪ ਵਾਹਿਗੁਰੂ 'ਗੁਰ ਪ੍ਰਸਾਦਿ' ਕਰਕੇ ਪਾਇਆ ਜਾ ਸਕਦਾ ਹੈ।

ਉਪਰ ਦਿਤੀ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਇਸ ਮੰਗਲ ਦਾ ਉਚਾਰਨ ਇਉਂ ਹੀ ਠੀਕ ਬਣਦਾ ਹੈ—

"੧ਓ ਸਤਿ ਗੁਰ ਪ੍ਰਸਾਦਿ ॥"

---

(ਸਫਾ ੯ ਦੀ ਬਾਕੀ)

ਰਿਹਾ ਹੈ :– ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥...੨੦॥
ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੦

ਅਰਥਾਤ ਗਵਨ ਮਿਟਣ ਕਰਕੇ ਜਨਮ ਬਦਲ ਜਾਂਦਾ ਰਿਹਾ ਹੈ।

ਗੁਰਬਾਣੀ ਅੰਦਰਿ ਭੀ ਇਸ ਗੁਰਮਤਿ ਨਾਮ (ਗੁਰਮੰਤ੍ਰ) ਨੂੰ ਬਹੁਤ ਹੱਦ ਤਾਈਂ ਗੁਹਜ ਹੀ ਰਖਿਆ ਗਿਆ ਹੈ ਤੇ ਆਮ ਤੌਰ ਪਰ ਗੁਰਮਤਿ ਨਾਮ ਲਖਾਇਕ ਹੋਰ ਹੋਰ 'ਰਾਮ' 'ਹਰਿ' ਆਦਿਕ ਸੰਗਿਆਂ ਹੀ ਦਿਤੀਆਂ ਗਈਆਂ ਹਨ। ਪਰੰਤੂ ਇਨ੍ਹਾਂ ਸੰਗਿਆਂ ਵਾਲਾ ਨਾਮ ਸਤਿਨਾਮ ਨਹੀਂ, ਕਿਉਂਕਿ ਗੁਰਮਤਿ ਨਾਮ ਸਤਿਨਾਮ ਹੈ। ਇਸ ਦੀ ਕਿਰਤਮ ਕਰਤੱਤ੍ਰ ਸੰਗਿਆ ਹੀ ਕੀ? ਏਥੇ ਟੂਕ ਮਾਤ੍ਰ ਏਤਨਾ ਲਿਖ ਦੇਣਾ ਯੋਗ ਹੋਵੇਗਾ ਕਿ ਕਿਰਤਮ ਨਾਮ 'ਰਾਮ' 'ਰਾਮ' ਆਦਿ ਦੀ 'ਸਤਿਨਾਮ' ਨਾਲ ਤਾਂ ਕੋਈ ਤੁਲਨਾ ਹੀ ਨਹੀਂ ਹੋ ਸਕਦੀ, ਪਰ ਕਿਰਤਮ ਨਾਮਾਂ ਦਾ ਅਭਿਆਸ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫਿਲਾਸਫੀਆਂ ਨਾਲੋਂ ਕਈ ਦਰਜੇ ਗੁਣਕਾਰੀ ਹੈ। ਚਾਹੇ ਸਤਿਨਾਮ ਦੀ ਕਲਿਆਣ-ਕਲਾ ਦੇ ਤੁਲ ਨਹੀਂ, ਪਰੰਤੂ ਭਗਤੀ ਕਲਾ ਉਪਜਾਇਕ ਤੇ ਭਗਤ ਉਪਾਸ਼ਯ ਦੇ ਨੇੜੇ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾ ਸਹਾਈ ਹੈ।

["ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਪੁਸਤਕ ਵਿਚੋਂ



www.AKJ.Org

# ਨਾਮ

## ਨਾਮ ਕੀ ਹੈ ?-ਇਹ ਕਿਵੇਂ ਬਣਿਆ ?

### ਸਤਿਨਾਮ ਤੇ ਕਿਰਤਮ ਨਾਮ–ਸਤਿਨਾਮ ਜੀਵਾਂ ਨੂੰ ਕਿਵੇਂ ਪ੍ਰਾਪਤ ਹੋਇਆ ?
### ਸਤਿਨਾਮ ਲਫ਼ਜ਼ ਦੇ ਅਰਥ–ਲਫ਼ਜ਼ ਸਤਿਨਾਮ ਗੁਰਮੰਤ੍ਰ ਨਹੀਂ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

"ਜਿਤਨੇ ਸ਼ਬਦ ਲਿਖਣ ਜਾਂ ਬੋਲਨ ਵਿਚ ਅਸੀਂ ਵਰਤਦੇ ਹਾਂ, ਉਹ ਕਿਸੇ ਨਾ ਕਿਸੇ ਖ਼ਿਆਲ ਯਾ ਭਾਵ ਦੇ ਲਖਾਇਕ ਹੁੰਦੇ ਹਨ।" ਪਰ ਉਸ ਖ਼ਿਆਲ ਯਾ ਭਾਵ ਤੋਂ ਅਸੀਂ ਪਹਿਲਾਂ ਜਾਣੂ ਹੁੰਦੇ ਹਾਂ। ਕਿਸੇ ਲਖਣ ਯਾ ਸਰੂਪ ਦੇ ਪਹਿਲਾਂ ਜਾਣੂ ਹੋਣ ਕਰਕੇ ਹੀ ਅਸੀਂ ਉਸ ਨੂੰ ਸੌਹੈਂ ਰਖ ਕੇ ਉਸ ਪ੍ਰਥਾਇ ਕੋਈ ਖ਼ਿਆਲ ਯਾ ਭਾਵ ਘੜ ਯਾ ਬੰਨ੍ਹ ਲੈਂਦੇ ਹਾਂ ਅਤੇ ਉਸ ਦੀ ਸਹਿਜੀ ਲਖਾਇਕ ਵਰਤੋਂ ਲਈ ਅਸੀਂ ਉਸ ਦਾ ਕੋਈ ਨਾਉਂ ਧਰ ਲੈਂਦੇ ਹਾਂ, ਯਾ ਉਸ ਪ੍ਰਥਾਇ ਕੋਈ ਬੋਲ ਭਾਖਿਆ ਨੀਯਤ ਕਰ ਲੈਂਦੇ ਹਾਂ। ਪਰ ਇਹ ਸਭ ਕੁਝ ਅਸੀਂ ਆਪ ਕਰਦੇ ਹਾਂ। ਅਸਾਡੇ ਆਪਣੇ ਬੋਲ ਭਾਖਿਆ ਦੀ ਰਾਹੀਂ ਯਾ ਆਪਣੇ ਨਿਜ ਸੰਕੇਤ ਦੁਆਰਾ ਉਸ ਖ਼ਿਆਲ-ਭਾਵ ਅਥਵਾ ਖ਼ਿਆਲ-ਭਾਵ-ਅਰਥੀ-ਸਰੂਪ-ਲਖਣ ਦੀ ਕੋਈ ਸੰਗਿਆ ਅਸੀਂ ਆਪ ਘੜ ਲੈਂਦੇ ਹਨ।

**ਗੁਰਮਤਿ ਨਾਮ** ਸ਼ਬਦ ਪ੍ਰਥਾਇ ਇਹ ਘਟਨਾ ਨਹੀਂ ਘਟ ਸਕਦੀ। ਇਹ ਨਾਮ ਅਸਾਡੀ ਨਿਜ ਘੜਤ ਸੰਗਿਆ ਵਾਲਾ ਨਾਉਂ ਨਹੀਂ, ਏਸੇ ਕਰਕੇ ਗੁਰਬਾਣੀ ਅੰਦਰ ਬਹੁਤ ਕਰਕੇ ਇਸ ਸ਼ਬਦ ਨੂੰ ਨਾਮ ਹੀ ਲਿਖਿਆ ਹੈ। ਨਾਉਂ ਜਿਥੇ ਕਿਤੇ ਵਰਤਿਆ ਹੈਂ, ਅਕਸਰ ਸੰਗਿਆ ਪ੍ਰਥਾਇ ਹੀ ਵਰਤਿਆ ਹੈ, ਪਰ ਕਿਤੇ ਕਿਤੇ ਨਾਉਂ ਪਦ ਭੀ ਨਾਮ ਪ੍ਰਥਾਇ ਵਰਤਿਆ ਗਿਆ ਹੈ। ਅਕਾਲ ਪੁਰਖ ਦਾ ਨਾਮ ਸਾਡੀ ਨਿਜ ਸਾਜੀ ਸੰਗਿਆ ਨਹੀਂ। ਕਿਉਂਕਿ ਅਕਾਲ ਪੁਰਖ ਦਾ ਸਰੂਪ ਅਸਾਡੇ (ਆਮ ਸੰਸਾਰੀਆਂ ਦੇ) ਸੌਹੇਂ ਨਹੀਂ ਅਤੇ ਨਾ ਹੀ ਅਸੀਂ ਇਸ ਦਾ ਕੋਈ ਖ਼ਿਆਲ ਅਥਵਾ ਭਾਵ ਹੀ ਖ਼ੁਦ ਘੜ ਯਾ ਕਥ ਸਕਦੇ ਹਾਂ। ਜਿਸ ਖਿਆਲ ਯਾ ਭਾਵ ਦੇ ਅਸੀਂ ਖ਼ੁਦ ਜਾਣੂ ਹੀ ਨਹੀਂ, ਭਲਾ ਉਹ ਅਸਾਡੇ ਨਿਕਟ ਕਿਸ ਸਰੂਪ ਦਾ ਲਖਾਇਕ ਹੋ ਸਕਦਾ ਹੈ ? ਅਣਜਾਣੇ ਅਣਡਿਠੇ ਸਰੂਪ ਦੇ ਅਸੀਂ ਫ਼ਰਜ਼ੀ ਨਾਉਂ ਕੀ ਧਰ ਸਕਦੇ ਹਾਂ ? ਜੋ ਧਰਾਂਗੇ ਤਾਂ ਉਹ ਨਾਉਂ ਫ਼ਰਜ਼ੀ ਹੋਣਗੇ ਤੇ ਉਸ ਦੇ ਲਖਾਇਕ ਬੋਲ-ਭਾਖਿਆ ਭੀ ਫ਼ਰਜ਼ੀ ਹੀ ਹੋਣਗੇ। ਐਸੇ ਨਾਵਾਂ ਦਾ ਸਾਨੂੰ ਕੀ ਨਿਘਾਸ ?

ਗੁਰਮਤਿ ਨਾਮ (ਅਕਾਲ ਪੁਰਖ ਦਾ ਲਖਾਇਕ ਨਾਮ) ਆਮ ਨਾਵਾਂ ਦੀ ਸੰਗਿਆਂ ਸ੍ਰੇਣੀ ਵਿਚ ਨਹੀਂ ਆ ਸਕਦਾ। ਅਕਾਲ ਪੁਰਖ ਨੂੰ ਨਾ ਹੀ ਅਸੀਂ (ਸੰਸਾਰੀ ਜੀਵਾਂ) ਨੇ ਲਖਿਆ, ਨਾ ਹੀ ਉਸ ਦਾ ਨਾਮ ਅਸੀਂ ਧਰਿਆ, ਜੈਸਾ ਕਿ ਅਕਾਲ ਪੁਰਖ ਨੂੰ ਸਾਜਨਹਾਰਾ ਕੋਈ ਨਹੀਂ। ਜਿਵੇਂ ਅਕਾਲ ਪੁਰਖ ਸੈਭੰ ਰੂਪ (ਸੁਤੇ ਪ੍ਰਕਾਸ਼) ਹੈ (ਆਪੇ ਆਪਿ ਨਿਰੰਜਨੁ ਸੋਇ) ਤਿਵੇਂ ਹੀ ਉਸ ਦਾ ਨਾਮ ਭੀ ਸੈਭੰ ਸਰੂਪ ਹੈ, ਉਸ ਨੇ ਆਪਣਾ ਆਪ, ਆਪੇ ਸਾਜਿਆ ਹੈ ਅਤੇ ਆਪਣੀ ਨਿਜ-ਸਾਜੀ-ਸਾਜਨਾ ਦੇ ਨਾਲ ਹੀ ਉਸ ਨੇ ਆਪਣਾ ਨਾਉਂ ਭੀ ਆਪੇ ਹੀ ਰਚਿਆ, ਜੈਸਾ ਕਿ ਇਸ ਗੁਰਵਾਕ ਦਾ ਅਸਲ ਭਾਵ ਹੈ :–

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥੧॥

ਆਸਾ ਦੀ ਵਾਰ, ਪੰਨਾ ੪੬੩

ਸੋ ਅਕਾਲ ਪੁਰਖ ਦਾ ਆਪਣੇ ਆਪ ਰਚਿਆ ਹੋਇਆ ਨਾਉਂ ਸਤਿਨਾਮ ਹੈ, ਹੋਰ ਸਰਬਤ੍ਰ (ਸਾਰੇ) ਨਾਉਂ ਅਸਤਿ ਤੇ ਕਿਰਤਮ ਨਾਮ ਹਨ। **ਗੁਰਮਤਿ ਨਾਮ** ਕਿਰਤਮ ਨਹੀਂ, ਪਰਾ-ਪੂਰਬਲਾ ਅਕਾਲ ਪੁਰਖ ਦੀ ਸੈਭੰ ਰਚਨਾ ਦੇ ਐਨ ਨਾਲ ਉਸ ਦੀ ਆਪਣੀ ਰਚਨਾ ਦਵਾਰਾ ਰਚਿਆ ਹੋਇਆ, ਅਰਥਾਤ ਉਸ ਦਾ ਆਪ


www.AKJ.Org

ਰਖਿਆ ਹੋਇਆ ਨਾਮ ਹੈ। ਇਸ ਕਰਕੇ ਇਹ ਨਾਮ ਸਤਿ ਹੈ। ਸਤਿ ਪੁਰਖ ਦਾ ਨਾਮ ਭੀ ਸਤਿ ਹੈ :–

ਕਿਰਤਮ ਨਾਮ ਕਥੇ ਤੇਰੇ ਜਿਹਬਾ

ਸਤਿਨਾਮੁ ਤੇਰਾ ਪਰਾ ਪੂਰਬਲਾ ॥੨੦॥ (੨੧॥੨॥੧੧) ਪੰਨਾ ੧੦੮੩

ਇਸ ਪਰੇ-ਪੂਰਬਲੇ ਸਤਿਨਾਮ ਤੋਂ, ਬਿਨਾਂ ਅਕਾਲ ਪੁਰਖ ਦੇ ਹੋਰ ਕੋਈ ਜਾਣੂ ਨਹੀਂ ਸੀ। ਸ੍ਰੀ ਅਕਾਲ ਪੁਰਖ ਨੇ ਪਰਮ ਕਿਰਪਾ ਦਵਾਰਾ ਪਹਿਲਾਂ ਇਹ ਸਤਿਨਾਮ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਹੀ ਜਣਾਇਆ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਕਿਰਪਾ ਕਰਿ ਇਸ ਮਾਤ ਲੋਕ ਵਿਖੇ ਆ ਕੇ ਇਸ ਸਤਿਨਾਮ ਨੂੰ ਗੁਰਸਿਖਾਂ ਪ੍ਰਤੀ ਲਖਾਇਆ। ਇਹੋ ਤਾਂ ਗੁਰੂ ਅਕਾਲ ਪੁਰਖ ਦੀ ਪਰਮ ਕਿਰਪਾਲਤਾ ਹੈ। ਇਹੋ ਤਾਂ ਪਰਮ ਕਿਰਪਾਲੂ ਗੁਰੂ ਅਕਾਲ ਪੁਰਖ ਦਾ ਪਰਮ ਪ੍ਰਸਾਦ ਹੈ। ਇਸ ਗੁਰਪ੍ਰਸਾਦ ਦੁਆਰਾ ਹੀ ਅਕਾਲ ਪੁਰਖ ਦਾ ਸਰੂਪ ਲਖ ਸਕੀਦਾ ਹੈ। ਸਤਿਨਾਮ ਪ੍ਰਸਾਦ ਰੂਪ ਹੈ। **ਸਤਿ ਪ੍ਰਸਾਦ, ਸਤਿ ਪਦਾਰਥ, ਹੈ ਹੀ ਸਤਿਨਾਮ।** ਇਸ ਬਿਨਾਂ ਹੋਰ ਸਭ ਪਦਾਰਥ ਅਸੱਤ ਹਨ। "ਸਚੇ ਕਾ ਸਚਾ ਢੋਆ"*। ਜਿਸ ਪਰਕਾਰ ਅਕਾਲ ਪੁਰਖ ਇਕ ਹੈ, ਇਸੇ ਤਰ੍ਹਾਂ ਉਸ ਦਾ ਨਾਮ ਸਤਿਨਾਮ (ਸੱਚਾ ਨਾਮ) ਭੀ ਇਕੋ ਹੈ ਅਤੇ ਉਸ ਇਕ ਨਾਮ ਦੀ ਗਿਆਨ-ਲਖਤਾ ਭੀ ਯਾ ਇਕੋ ਸਤਿਪੁਰਖ ਅਕਾਲ ਪੁਰਖ ਨੂੰ ਹੈ ਯਾ ਅਕਾਲ ਪੁਰਖ ਦੀ ਨਿਜ ਨਿਰੰਜਨੀ ਜੋਤਿ ਇਕੋ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੂੰ ਹੋਈ। **ਇਕੋ ਸਤਿਗੁਰੂ** ਦੇ ਪਦ (ਲਫ਼ਜ਼) ਖ਼ਾਸ ਜ਼ੋਰ (Force) ਨਾਲ ਇਸ ਕਰਕੇ ਵਰਤੇ ਹਨ, ਕਿਉਂਕਿ ਗੁਰਵਾਕ ਹੈ :–

ਸਤਿਗੁਰ ਬਾਝਹੁ ਗੁਰੁ ਨਹੀ ਕੋਈ ।੧੩॥

ਆਸਾ ਪਟੀ ਮ: ੩, ਪੰਨਾ ੪੩੫

ਸੱਚਾ ਗੁਰੂ ਅਰਥਾਤ ਸਤਿਗੁਰੂ ਸਤਿਨਾਮ ਦੇ ਪ੍ਰਗਟਾਵਣਹਾਰਾ ਜੇਕਰ ਕੋਈ ਪ੍ਰਗਟ ਹੋਇਆ ਤਾਂ ਉਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਦਸੇ ਜਾਮਿਆਂ ਵਿਚ ਹੋਏ।

**ਸਤਿਨਾਮ ਸ਼ਬਦ ਦੇ ਅਰਥ–**

ਸਤਿਨਾਮ ਤੋਂ ਭਾਵ ਇਹ ਨਹੀਂ ਕਿ ਇਨ੍ਹਾਂ ਚਾਰੇ ਅੱਖਰਾਂ–ਸ ਤਿ ਨਾ ਮ–ਵਾਲਾ ਨਾਮ ਅਕਾਲ ਪੁਰਖ ਦਾ ਨਾਮ ਹੈ। ਲਫ਼ਜ਼ ਸਤਿਨਾਮ ਗੁਰਮੰਤ੍ਰ ਦਾ ਲਖਾਤਿਕ ਵਿਸ਼ੇਸ਼ਣ ਹੈ। ਗੁਰ ਪ੍ਰਸਾਦਿ ਜਪਣ ਜੋਗ ਗੁਰਮਤਿ ਨਾਮ ਜੋ ਹੈ, ਸੋ ਵਖਰੇ ਸੁਅੱਖਰਾਂ (ਸ੍ਰੇਸ਼ਟ ਅੱਖਰਾਂ) ਵਿਚ ਹੈ, ਜਿਸ ਦੇ ਅੱਖਰ ਭੀ ਚਾਰ ਹੀ ਹਨ, ਪਰ ਗੁਰਮੰਤ੍ਰ ਰੂਪ ਹੋਣ ਕਰਿ ਤਿਸ ਦਾ ਆਮ ਤੌਰ ਤੇ ਅੱਖਰਾਂ ਵਿਚ ਪ੍ਰਗਟਾਉਣਾ (ਜ਼ਾਹਰ ਕਰਨਾ) ਜਤਾਉਣਾ ਇਕ ਹੋਛੀ ਗੱਲ ਹੈ। **ਇਹ ਗੁਹਜ ਗੁਰ-ਮੰਤਰ ਧੁਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਾਈਂ ਗੁਹਜ ਦਸ਼ਾ ਵਿਚ ਹੀ ਸੀਨਾ ਬਸੀਨਾ ਚਲਿਆ ਆਇਆ ਹੈ।** ਖ਼ੁਦ ਅਕਾਲ ਪੁਰਖ ਨੇ ਇਸ ਨੂੰ ਅਜ਼ਲ ਤੋਂ ਹੀ ਗੁਹਜ (ਗੁਪਤ) ਰਖਿਆ ਅਤੇ ਕੇਵਲ ਗੁਰੂ ਨਾਨਕ ਸਾਹਿਬ ਪ੍ਰਤੀ ਹੀ ਇਸ ਨੂੰ ਪ੍ਰਗਟਾਇਆ। ਐਸੇ ਅਮੋਲਕ ਪਦਾਰਥ ਨੂੰ, ਜਿਸ ਦੇ ਪ੍ਰਿਥਮ ਜਾਨਣ ਤੇ ਲਖਣ ਦਾ ਅਧਿਕਾਰ ਕੇਵਲ ਗੁਰੂ ਨਾਨਕ ਸਾਹਿਬ ਜੀ ਨੂੰ ਧੁਰ ਦਰਗਾਹੋਂ ਪ੍ਰਾਪਤ ਹੋਇਆ, ਉਸ ਨੂੰ ਭਲਾ ਗੁਰੂ ਨਾਨਕ ਸਾਹਿਬ ਜੀ ਕਿਵੇਂ ਅਨ-ਅਧਿਕਾਰੀ ਜਨਾਂ ਤਾਈਂ ਪ੍ਰਗਟ ਕਰਨ ਦੀ ਖੁਲ੍ਹੀ-ਖੇਡ ਵਰਤਾ ਸਕਦੇ ਸਨ। ਗੁਰੂ ਨਾਨਕ ਸਾਹਿਬ ਜੀ ਆਪਣੇ ਜੋਤਿ ਸਰੂਪੀ ਜਾਮਿਆਂ ਅੰਦਰ ਪਰਮ ਅਗਾਧ-ਬੋਧ-ਕਿਰਪਾ ਇਹ ਕਰਦੇ ਰਹੇ ਹਨ ਕਿ ਉਸ ਦਾਤਿ ਜੋਤਿ ਦੇ ਪ੍ਰਸਾਦ ਵਰਤਾਰੇ ਤੋਂ ਪਹਿਲਾਂ ਇਸ **ਗੁਰਪ੍ਰਸਾਦਿ** ਦੇ ਅਧਿਕਾਰੀ ਜਗਿਆਸੂਆਂ ਦੀ ਆਪਣੀ ਕਿਰਪਾ ਦੁਆਰਾ ਆਪ ਢੂੰਡ ਪੜਤਾਲ ਕਰਦੇ ਰਹੇ ਹਨ। ਫੇਰ ਨਾਮ ਦੇ ਗਫੇ, ਕਲਾ-ਕ੍ਰਿਸ਼ਮੀ ਗਫੇ ਭੁੰਚਾਉਂਦੇ ਰਹੇ, ਜਿਨ੍ਹਾਂ ਦੇ ਭੁੰਚਣ ਸਾਰ ਹੀ ਕਾਇਆਂ ਪਲਟ ਜਾਂਦੀ ਰਹੀ ਹੈ ਅਤੇ ਜਿਸ ਅੰਮ੍ਰਿਤ-ਜਾਗ ਲਗਣ ਕਰਿ ਜਨਮ ਭੀ ਨਵ-ਜਨਮਾ ਹੁੰਦਾ

*ਸਤੇ ਬਲਵੰਡ ਦੀ ਵਾਰ, ॥੮॥ ਪੰਨਾ ੯੬੮

[ਬਾਕੀ ਦੇਖੋ ਸਫ਼ਾ ੭ ਦੇ ਹੇਠ]



www.AKJ.Org

## ਉਧਾਰ ਨਿਸਤਾਰੇ ਦਾ ਸਾਧਨ

# ਗੁਰਬਾਣੀ ਤੇ ਨਾਮ ਦਾ ਤੱਤ-ਜੋਤਿ-ਰਹੱਸ ਓਤਿ ਪੋਤਿ

[ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰਬਾਣੀ ਦੇ ਕੀਰਤਨ ਤੇ ਪੜ੍ਹਨ ਸੁਣਨ ਦੀ ਪਾਰਸ-ਰਸਾਇਣੀ-**ਅਖੰਡਾਕਾਰ** ਸਪਰਸ਼ ਦੁਆਰਾ, ਗੁਰਬਾਣੀ ਸੇਵਨਹਾਰੇ ਜਗਿਆਸੂਆਂ ਦੀਆਂ ਬਿਰਤੀਆਂ ਸੁਰਤੀਆਂ ਸੈਕਲ ਹੋ ਕੇ ਆਤਮ-ਜਾਗ੍ਰਤਾ ਵਿਚ ਜਾਗ ਉਠਦੀਆਂ ਹਨ। ਇਸ ਜਾਗ ਲਗਣ ਦਾ ਸੁਫਲ ਫਲ ਸਿੱਟਾ ਇਹ ਹੁੰਦਾ ਹੈ ਕਿ ਮੱਧਮ ਵੇਗ ਵਿਚ ਚਲ ਰਹੇ ਨਾਮ-ਅਭਿਆਸ ਦਾ ਖੰਡਾ ਜ਼ੋਰੋ ਜ਼ੋਰ ਖੜਕਣ ਲਗ ਪੈਂਦਾ ਹੈ, ਜੋ ਨਾਮ-ਅਭਿਆਸੀ ਨੂੰ ਨਾਮ-ਲਿਵਤਾਰ ਅਤੇ ਰਸ-ਜੋਤਿ-ਪ੍ਰਕਾਸ਼ ਦੇ ਝਲਕਾਰ ਦੀ ਸੁਗਮਤਾ ਲਈ ਅਵੱਸ਼ ਸਹਾਈ ਹੁੰਦਾ ਹੈ।

ਅੱਲ੍ਹੜ ਜਗਿਆਸੂ ਨੂੰ ਨਾਮ ਦੀਆਂ ਤਰਬਾਂ, ਤਰੰਗਾਂ, ਤਾਰਾਂ ਬਜਾਉਣ ਹਿਤ ਅਤੇ ਨਾਮ ਅਭਿਆਸ ਨੂੰ ਗਹਿ ਕਰ ਕੇ ਦ੍ਰਿੜ੍ਹਾਉਣ ਹਿਤ, ਗੁਰਬਾਣੀ ਦਾ ਸ੍ਰਵਣ, ਪਠਣ, ਕੀਰਤਨੀ ਸੇਵਨ, ਸਰਬਦਾ ਸੁਖਦਾਈ ਹੁੰਦਾ ਹੈ। ਅਨਪੜ੍ਹ ਨਾਮ-ਅਭਿਆਸੀ ਜਗਿਆਸੂ ਨੂੰ ਗੁਰਬਾਣੀ ਦੇ ਪਾਠ ਕੀਰਤਨ ਦਾ ਸ੍ਰਵਣ ਸੇਵਨ ਹੀ ਅਤਸੈ ਕਰਕੇ ਸਹਾਈ ਹੁੰਦਾ ਹੈ।

ਗੁਰਬਾਣੀ ਦੀ ਸਹਾਇਤਾ ਬਿਨਾਂ ਨਾਮ ਦੀ ਸਿਮਰਨ-ਸਪਿਰਿਟ ਵਿਚ ਨਿਤ ਨਵਤਨੀ ਚੜ੍ਹਦੀ ਕਲਾ ਨਹੀਂ ਵਰਤਦੀ, ਜੋ ਕਿ ਗੁਰਬਾਣੀ ਸੇਵਨ ਸ੍ਰਵਣ ਕਰਨਹਾਰੇ ਨਾਮ-ਅਭਿਆਸੀ ਦੀ ਦਸ਼ਾ ਵਿਚ ਪ੍ਰਕਰਦੀ ਹੈ। ਗੁਰਬਾਣੀ ਦੀ ਪਾਰਸ-ਕਲਾ ਦੀ ਸਹਾਇਤਾ ਬਿਨਾਂ ਨਿਰੇ ਨਾਮ ਦੇ ਅਭਿਆਸੀ ਅਕਸਰ ਖੜਦੀ ਕਲਾ ਵਿਚ ਹੀ ਖੜੋਤੇ ਰਹਿ ਜਾਂਦੇ ਹਨ। ਉਨ੍ਹਾਂ ਦੀ ਚੜ੍ਹਦੀ ਕਲਾ ਦੇ ਰੰਗਾਂ ਦਾ ਨਿਤ ਨਵਾਂ ਖੇੜਾ ਖਿੜਦਾ ਹੀ ਨਹੀਂ, **ਜੈਸਾ ਕਿ ਬਹੁਤ ਸਾਰੀ ਨਾਮਧਾਰੀਆਂ ਦੀ ਦਸ਼ਾ** ਹੋ ਰਹੀ ਹੈ। ਉਹ ਗੁਰਬਾਣੀ ਨੂੰ ਉੱਕਾ ਹੀ ਛਡ ਗਏ ਤੇ ਜਿਥੇ ਸੀ ਓਥੇ ਹੀ ਰਹਿ ਗਏ–

ਗੁਰਮੁਖਿ ਬਾਣੀ ਨਾਦੁ ਬਜਾਵੈ ॥ –ਮਾਰੂ ਮ: ੩, ਪੰਨਾ ੧੦੫੮

ਵਾਲੀ ਪਾਰਸ-ਕਲਾ ਵਰਤਣੋਂ ਰਹਿ ਖੜੋਤੀ, ਕਿਉਂਕਿ ਪਰਮ ਪਾਰਸ ਰੂਪੀ ਬਾਣੀ ਦਾ ਸਪਰਸ਼ ਜੋ ਰਹਿ ਖੜੋਤਾ। ਉਨ੍ਹਾਂ ਨੂੰ ਗੁੜ੍ਹਤੀ ਹੀ ਹੋਰੂ ਮਿਲੀ। ਇਤ ਬਿਧ ਕਈ ਕਾਰਨ ਬਣ ਗਏ, ਉਨ੍ਹਾਂ ਦੇ ਖੜਦੀ ਕਲਾ ਵਿਚ ਖੜੋਤੇ ਰਹਿ ਜਾਣ ਦੇ। ਪਰੰਤੂ ਮੁਖ ਕਾਰਨ ਇਹੋ ਹੋਇਆ ਕਿ ਉਨ੍ਹਾਂ ਨੇ ਕੇਵਲ ਨਾਮ ਨੂੰ ਹੀ ਤੱਤ ਜਾਣਿਆ। ਪਰ ਜਿਸ ਬਾਣੀ ਨੇ ਨਾਮ ਨੂੰ ਤੱਤ ਜਣਾਇਆ ਸੀ, ਉਸ ਤੱਤ ਸਮੁੰਦਰੀ ਬਾਣੀ ਨੂੰ ਬਿਲੋਵਨਾ ਛੱਡ ਦਿਤਾ ਤਾ ਮਾਖਨ ਕੈਸੇ ਰੀਸੈ ! ਉਨ੍ਹਾਂ ਦੀ ਕੁਸਮਝ ਇਹ ਹੋਈ ਕਿ ਉਹ ਸਮਝ ਬੈਠੇ ਕਿ ਬਾਣੀ ਵਿਚੋਂ ਤੱਤ ਤਾਂ ਵਿਰੋਲ ਲਿਆ, ਹੁਣ ਬਾਣੀ ਦੀ ਕੀ ਲੋੜ ਹੈ ? ਪਰ ਉਹ ਇਸ ਗੱਲੋਂ ਅਗਿਆਤ ਰਹਿ ਗਏ ਕਿ–

ਗੁਰਬਾਣੀ ਦਾ ਨਿਤਾਪ੍ਰਤਿ ਅਭਿਆਸ ਬਿਲੋਵਣ ਦਰਕਾਰ (ਜ਼ਰੂਰੀ) ਹੈ। ਜਿਉਂ ਜਿਉਂ ਗੁਰਬਾਣੀ ਰੂਪ ਸਮੁੰਦ੍ਰ ਵਿਰੋਲਿਆ ਬਿਲੋਇਆ ਜਾਏਗਾ, ਤਿਉਂ ਤਿਉਂ ਹੋਰ ਤੋਂ ਹੋਰ ਮਿਠਾਸ ਭਰੇ ਨਾਮ-ਰਸਿਕ ਰਸਾਕੀ ਘ੍ਰਿਤ ਗਟਾਕ ਭੁੰਚਣ ਦਾ ਅਹਿਲਾਦ ਪ੍ਰਾਪਤ ਹੋਣਾ ਹੈ। ਕਿਉਂਕਿ ਏਸ ਅਮਰ ਪਦਾਰਥੀ ਦੁੱਧ (ਸਮੁੰਦ੍ਰ) ਨੇ ਤਾਂ (ਗਊ ਮਹਿ ਦੇ ਦੁੱਧ ਨਿਆਈਂ) ਕਦੇ ਫੋਕਟ ਨਹੀਂ ਰਹਿ ਜਾਣਾ, ਭਾਵੇਂ ਲੱਖਾਂ ਬਿਲੋਵਣਹਾਰੇ ਨਾਮ-ਤੱਤ ਰੂਪੀ ਮੱਖਣ ਦੇ ਗਟਾਕ ਇਸ ਵਿਚੋਂ ਕਢ ਕਢ ਕੇ ਭੁੰਚ ਭੁੰਚ ਕੇ ਅਘਾਏ ਜਾਣ।

ਤਾਂ ਤੇ ਬਾਣੀ ਸਫਲ ਸਦਾ ਸੁਖਦਾਈ ਹੈ ਤੇ ਹਰ ਦਮ ਨਾਮ ਅਭਿਆਸ ਹਿਤ ਸਹਾਈ ਹੈ। ਗੁਰਬਾਣੀ ਤੇ ਨਾਮ ਦਾ ਤੱਤ-ਜੋਤਿ-ਰਹੱਸ ਓਤਿ ਪੋਤਿ ਇਕੋ ਹੋਣ ਕਰਕੇ ਸੇਵਨਹਾਰੇ ਦੇ ਸਾਧਨ ਵਖੋ ਵਖਰੇ ਨਹੀਂ ਕਹਾ ਸਕਦੇ। ਨਿਸਤਾਰਾ ਜਾ ਕੇ ਨਾਮ ਦੀ ਲੀਨਤਾ ਵਿਚ ਹੀ ਹੋਣਾ ਹੈ।



www.AKJ.Org

ਗੁਰਬਾਣੀ ਦੀਆਂ ਪੋਥੀਆਂ ਲਿਖਣਹਾਰਿਆਂ ਦੀ ਤੱਤ ਕਲਿਆਣ ਭੀ ਏਸ ਕਰਕੇ ਹੁੰਦੀ ਹੈ ਕਿ ਗੁਰਬਾਣੀ ਲਿਖਦੇ ਲਿਖਦੇ ਤਤ-ਪਾਰਸ-ਅਮੀ-ਰਸਾਇਣੀ ਕਲਾ ਲਿਖਾਰੀਆਂ ਦੀ ਸੁਰਤੀ ਬਿਰਤੀ ਨਾਲ ਰਗੜ ਖਾ ਕੇ ਵਰਤ ਜਾਂਦੀ ਹੈ। ਜਿਨ੍ਹਾਂ ਨੂੰ ਨਾਮ ਦੀ ਸੂਝ ਬੂਝ ਭੀ ਨਹੀਂ ਹੁੰਦੀ, ਉਨ੍ਹਾਂ ਨੂੰ ਨਾਮ ਉਤੇ ਸਰਧਾ ਲਿਆਣ ਦਿੰਦੀ ਹੈ ਤੇ ਨਾਮ ਦੇ ਪੂਰਨ ਪਾਤਰ ਬਣਾ ਕੇ ਭਾਂਡੇ ਭਰਪੂਰ ਕਰਨ ਕਰਾਉਣ ਦੇ ਅਵਸਰ ਬਣਾ ਦਿੰਦੀ ਹੈ। ਜਿਨ੍ਹਾਂ ਨੂੰ ਨਾਮ ਪਹਿਲਾਂ ਹੀ ਪ੍ਰਾਪਤ ਹੈ, ਤਿਨ੍ਹਾਂ ਲਿਖਾਰੀਆਂ ਨੂੰ ਗੁਰਬਾਣੀ ਲਿਖਣ ਦੀ ਅਖੰਡ ਸੇਵਾ ਅਖੰਡਾਕਾਰ ਨਾਮ ਦਾ ਖੰਡਾ ਖੜਕਾਉਣ ਦਾ ਨਛਾਵਰਾ ਬਖ਼ਸ਼ਦੀ ਹੈ, ਪਰੰਤੂ ਨਿਸਤਾਰਾ ਓਦੋਂ ਹੀ ਹੁੰਦਾ ਹੈ ਜਦੋਂ "ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ"* ਵਾਲੇ ਹੁਕਮ ਦੀ ਤਾਮੀਲ ਵਾਲਾ ਪੂਰਨ ਵਰਤਾਰਾ ਵਰਤਦਾ ਹੈ। ਬਾਰੰ ਬਾਰ ਗੁਰਬਾਣੀ ਦਾ ਸੇਵਨ ਹੁੰਦਾ ਹੈ। ਗੁਰਬਾਣੀ ਦਾ ਲਿਖਣ, ਪੜ੍ਹਨ ਸੁਣਨ ਰੂਪੀ ਸੇਵਨ ਬਾਰੰ ਬਾਰ ਹੁੰਦਾ ਹੈ ਤਾਂ ਜਾ ਕੇ ਸੇਵਨਹਾਰੇ ਦੀ ਸੁਰਤੀ ਬਿਰਤੀ ਨੂੰ 'ਪਿਰਮ ਪੈਕਾਮੁ'‡ ਵਾਲੀ ਚੋਟ ਲਗਦੀ ਹੈ। ਤੇ ਪਰਤੱਖ ਹੁੰਦਾ ਹੈ ਕਿ ਗੁਰਬਾਣੀ ਤਾਂ ਇਹੋ ਕਹਿੰਦੀ(ਹੁਕਮ ਦਿੰਦੀ) ਹੈ ਕਿ ਨਾਮ ਜਪਹੁ, ਨਾਮ ਜਪਹੁ। ਇਸ ਬਿਧ ਗੁਰਬਾਣੀ ਦੁਆਰਾ ਨਾਮ ਦਿਨੋ ਦਿਨ ਦੂਣ ਸਵਾਇਆ ਦ੍ਰਿੜ੍ਹ ਹੋ ਕੇ ਤੇ ਹੁੰਦਾ ਜਾਂਦਾ ਰਹਿ ਕੇ ਪਰਤੱਖ ਨਿਸਤਾਰਾ ਹੁੰਦਾ ਹੈ।

ਗੁਰਬਾਣੀ, ਅੰਮ੍ਰਿਤ ਬਾਣੀ, ਗੁਰੂ ਰੂਪ ਹੋਣ ਦੇ ਕਰਨ ਅੰਮ੍ਰਿਤ-ਨਾਮ ਦੀ ਦਾਤੀ ਹੈ। ਦਾਤਾਰ ਗੁਰੂ ਰੂਪ ਬਾਣੀ ਤੋਂ ਬੇਮੁਖ ਹੋ ਕੇ ਕਦੇ ਭੀ ਅੰਮ੍ਰਿਤ-ਨਾਮ ਦੇ ਗੂੜ੍ਹ ਰੰਗ ਵਿਚ ਤੱਤਪਰ ਨਹੀਂ ਰਹਿ ਸਕੀਦਾ। ਤਾਂ ਤੇ ਨਿਸਤਾਰੇ ਦਾ ਸਾਧਨ ਇਕੋ ਹੀ ਹੈ, ਅਨੇਕ ਨਹੀਂ। ਸਾਡੀ ਸਮਝ ਵਿਚ ਹੀ ਫ਼ਰਕ ਹੈ।

ਜਿਨ੍ਹਾਂ ਅਭਾਗੇ ਜਗਿਆਸੂਆਂ ਨੂੰ ਗੁਰਬਾਣੀ ਦਾ ਸੇਵਨ ਕਰਦਿਆਂ ਨਾਮ ਰੂਪੀ ਤੱਤ ਪਦਾਰਥ ਨਹੀਂ ਲੱਭਾ, ਉਨ੍ਹਾਂ ਦੀ ਤੱਤ-ਕਲਿਆਣ ਇਸ ਜਨਮ ਵਿਖੇ ਨਹੀਂ ਹੋਵੇਗੀ, ਕੋਈ ਕਸਰ-ਕਾਂਪ ਜੇ ਰਹਿ ਗਈ ਹੈ ਤਾਂ ਗੁਰਬਾਣੀ ਦੀ ਸੇਵਾ ਦੂਜੇ ਜਨਮ ਵਿਚ ਜਾ †ਸ਼ਗੂਫ਼ਾ ਬਿਸ਼ਗੁਫ਼ਤ ਕਰਾਏਗੀ, ਕਮਾਈ ਨਿਰੋਲ ਗੁਰਬਾਣੀ ਦੀ ਭੀ ਆਲ੍ਹੀ (ਖ਼ਾਲੀ) ਨਹੀਂ ਜਾਣੀ।

ਜਿਨ੍ਹਾਂ ਨੂੰ ਗੁਰਬਾਣੀ ਦਾ ਸੇਵਨ ਕਰਦਿਆਂ ਇਹ ਗੱਲ ਕਦੇ ਨਹੀਂ ਫੁਰਦੀ ਕਿ ਨਾਮ-ਪਦਾਰਥ ਗੁਰਬਾਣੀ ਤੋਂ ਵਿਲੱਖਣ ਹੈ ਤਾਂ ਉਨ੍ਹਾਂ ਦੇ ਗੁਰਬਾਣੀ ਸੇਵਨ ਵਿਚ ਕੁਝ ਫ਼ਰਕ ਹੈ, ਕਮਾਈ ਵਿਚ ਊਣਤਾਈ ਹੈ। ਮਨ ਬਚ ਕਰਮ ਕਰਕੇ ਗੁਰਬਾਣੀ ਦੇ ਸੇਵਨ ਵਿਚ ਅਜੇ ਉਹ ਤਦਰੂਪ ਨਹੀ ਹੋਏ, ਅਥਵਾ ਗੁਰਮਤਿ-ਗਿਆਨ-ਕਲਾ ਦੇ ਅਜੇ ਉਹ ਅਧਿਕਾਰੀ ਹੀ ਨਹੀਂ ਬਣੇ। ਅਥਵਾ ਉਨ੍ਹਾਂ ਨੂੰ ਪੂਰਨ ਗੁਰਮਤਿ ਬਿਧੀ ਅਨੁਸਾਰ ਅੰਮ੍ਰਿਤ ਪਾਨ ਕਰਨ ਦਾ ਅਵਸਰ ਹੀ ਪ੍ਰਾਪਤ ਨਹੀਂ ਹੋਇਆ। ਅਥਵਾ ਐਉਂ ਕਹੋ ਕਿ ਉਨ੍ਹਾਂ ਦੇ ਪੂਰਬਲੇ ਕਰਮ ਦਾ ਅਜੇ ਅੰਕੂਰ ਹੀ ਨਹੀਂ ਜਾਗਿਆ। ਜੇ ਹੁਣ ਨਹੀਂ ਜਾਗਿਆ ਤਾਂ ਫਿਰ ਜਾਗੇਗਾ। ਕਸਰਾਂ ਕਢ ਕੇ ਜਾਗੇਗਾ। ਏਸ ਨਹੀਂ, ਅਗਲੇ ਜਨਮ ਵਿਚ ਜਾਗੇਗਾ। ਪਰ ਜਾਗੇਗਾ ਸਹੀ ਜ਼ਰੂਰ। ਆਲ੍ਹਾ ਕਦੇ ਨਹੀਂ ਜਾਣਾ। ਕਮਾਈ ਦੀ ਅਧੂਰੀ ਰਹਿ ਗਈ ਖੇਡ ਅੰਕੂਰ ਉਗਵਨ ਸਾਰ ਅਗੇ ਪਿਛੇ ਜ਼ਰੂਰ ਪੂਰੀ ਹੋ ਜਾਵੇਗੀ, ਇਹ ਬਾਤ ਨਿਸਚੇ ਕਰ ਕੇ ਜਾਣੋ ਜੀ।

["ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚੋਂ

*ਨਟ ਮਹਲਾ ੪, ਪੰਨਾ ੯੮੨। ‡ਪ੍ਰੇਮ ਦਾ ਤੀਰ। †ਖੇੜਾ ਖਿੜਾਏਗੀ।

## ਡਾਕ ਦੀ ਲਾਪਰਵਾਹੀ ਤੇ ਪਰਚੇ ਗੁੰਮ

ਇਨ੍ਹਾਂ ਦਿਨਾਂ ਵਿਚ ਡਾਕ ਤੇ ਚਿਠੀਆਂ ਪੱਤਰ ਕਈ ਕਈ ਦਿਨਾਂ ਪਿਛੋਂ ਮਿਲ ਰਹੀਆਂ ਹਨ। ਪਰਚੇ ਵੀ ਬਹੁਤ ਲੇਟ ਪੁਜ ਰਹੇ ਹਨ। ਕਈ ਸਜਣਾਂ ਦੇ ਪਰਚੇ ਗੁੰਮ ਕੀਤੇ ਜਾ ਰਹੇ ਹਨ। ਸੋ ਪਾਠਕਾਂ ਪਾਸ ਬੇਨਤੀ ਹੈ ਕਿ ਉਹ ਪਰਚਾ ਨਾ ਪੁਜਣ ਦੀ ਹਾਲਤ ਵਿਚ ਘਟੋ ਘਟ ਪੰਦਰਾਂ ਦਿਨ ਉਡੀਕ ਕੇ ਦੁਬਾਰਾ ਹੋਰ ਪਰਚਾ ਭੇਜਣ ਲਈ ਕਾਰਡ ਪਾਉਣ।

www.AKJ.Org

# ਖਾਲਸੇ ਨੂੰ ਸਰਦਾਰੀ

[ਸ: ਧਰਮ ਸਿੰਘ ਜੀ ਭੰਖਰਪੁਰ ਮੁੰਦਰਾ ਜ਼ਿਲਾ ਪਟਿਆਲਾ]

ਕਦੇ ਸਮਾਂ ਸੀ ਕਿ "ਸਰਦਾਰ" ਸ਼ਬਦ ਕਿਸੇ ਖ਼ਾਸ ਸ਼੍ਰੇਣੀ ਦੇ ਲੋਕਾਂ ਦੇ ਨਾਵਾਂ ਨਾਲ ਹੀ ਸੰਬੰਧਤ ਹੁੰਦਾ ਸੀ। ਜਾਂ ਫਿਰ ਸਰਕਾਰ ਆਪਣੇ ਕਿਸੇ ਖ਼ਾਸ ਖ਼ੈਰਖ਼ਾਹ ਸਜਣ ਨੂੰ ਖ਼ਿਤਾਬ ਵਜੋਂ 'ਸਰਦਾਰ' ਸ਼ਬਦ ਦੇ ਕੇ ਸਨਮਾਨਤ ਕਰਦੀ ਸੀ ਅਤੇ ਜਾਂ ਫਿਰ ਕਿਸੇ ਖ਼ਾਸ ਉੱਚ ਘਰਾਣੇ ਜਾਂ ਵੱਡੀ ਜਗੀਰ ਜਾਂ ਜਾਇਦਾਦ ਦੇ ਮਾਲਕ ਨੂੰ 'ਚੌਧਰੀ' ਜਾਂ 'ਸਰਦਾਰ' ਆਖ ਕੇ ਪੁਕਾਰਿਆ ਜਾਂਦਾ ਸੀ।

ਵਿਦਵਾਨ ਇਤਿਹਾਸਕਾਰ ਡਾ: ਹਰੀ ਰਾਮ ਗੁਪਤਾ ਦੇ ਸ਼ਬਦਾਂ ਅਨੁਸਾਰ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਖਾਲਸਾ ਪੰਥ' ਦੀ ਸਥਾਪਨਾ ਦੇਸ਼ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਇਤਿਹਾਸ ਵਿਚ ਇਕ ਯੁੱਗ-ਪਲਟਾਊ ਘਟਨਾ ਸੀ।" ਜਿਥੇ ਗੁਰੂ ਸਾਹਿਬ ਜੀ ਇੱਕ ਮਹਾਨ ਧਾਰਮਿਕ ਆਗੂ ਸਨ ਉਥੇ ਉਹ ਇਕ ਮਹਾਨ ਕੌਮੀ ਨਿਰਮਾਤਾ ਵੀ ਸਨ।

ਡਾ. ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ "ਗੁਰੂ ਜੀ ਦੇ ਇਕ ਮਹਾਨ ਕੌਮ ਦੇ ਨਿਰਮਾਤਾ ਹੋਣ ਦਾ ਸਬੂਤ ਗੁਰੂ ਜੀ ਰਾਹੀਂ ਕੀਤਾ ਗਿਆ 'ਖਾਲਸਾ ਪੰਥ' ਦਾ ਨਿਰਮਾਣ ਹੈ।"

ਉਸ ਵੇਲੇ ਦੀ ਸਰਕਾਰ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਏ ਅਤੇ ਆਪਸੀ ਭੇਦ-ਭਾਵ ਵਿਚ ਫਸੇ, ਸਾਹਸ ਅਤੇ ਆਤਮ-ਵਿਸ਼ਵਾਸ ਗੁਆ ਬੈਠੇ ਲੋਕਾਂ ਨੂੰ, ਦਸਮੇਸ਼ ਪਿਤਾ ਜੀ ਨੇ, ਗੁਰੂ ਨਾਨਕ ਦੇਵ ਜੀ ਦੇ ਸੱਚੇ-ਸਿਧਾਂਤਾਂ ਮੁਤਾਬਕ ਜਿਥੇ ਮੁੜ ਕੇ ਸਾਹਸ, ਆਤਮ-ਵਿਸ਼ਵਾਸ, ਬੀਰਤਾ, ਅਭੇਦਤਾ (ਏਕਤਾ) ਦਾ ਉਪਦੇਸ਼ ਦੇ ਕੇ ਦੇਸ਼-ਭਗਤੀ ਨੂੰ ਮੁੜ ਉਜਾਗਰ ਕਰਨ ਲਈ ਖਾਲਸਾ ਪੰਥ ਦੀ ਨੀਂਹ ਰਖੀ, ਉਥੇ 'ਨਾਨਕ-ਲੇਵਾ' ਸਿੱਖਾਂ ਦੇ ਚੜ੍ਹਦੀ ਕਲਾ ਵਾਲੇ ਨਾਮ ਰਖ ਕੇ ਗਿੱਦੜਾਂ ਤੋਂ ਸ਼ੇਰ (ਸਿੰਘ) ਬਣਾ ਦਿੱਤਾ ਅਤੇ ਹਰ ਇੱਕ ਸਿੰਘ (ਸਿੱਖ) ਨੂੰ 'ਸਰਦਾਰੀ' ਦਾ ਖ਼ਿਤਾਬ, ਬਿਨਾਂ ਕਿਸੇ ਭੇਦ-ਭਾਵ ਤੋਂ ਦੇ ਕੇ ਨਿਵਾਜਿਆ।

ਜਿਨ ਕੀ ਜਾਤ ਬਰਨ ਕੁਲ ਮਾਹੀਂ,
ਸਰਦਾਰੀ ਨਾ ਭਈ ਕਦਾਹੀਂ ॥
ਕੀਟਨ ਤੇ ਇਨ ਕੋ ਮ੍ਰਿਗਿੰਦੂ,
ਕਰੋਂ ਹਰਨ ਹਿੱਤ ਤੁਰਕ ਗਜਿੰਦੂ ॥
ਇਨ ਕੋ ਹੀ ਸਰਦਾਰ ਬਨਾਵੈਂ,
ਤਬੈ ਗੋਬਿੰਦ ਸਿੰਘ ਨਾਮ ਕਹਾਵੈਂ ॥

ਦਸਮੇਸ਼ ਪਿਤਾ ਜੀ ਨੇ ਜਿਥੇ ਉੱਚ ਨੀਚ ਤੇ ਜਾਤ ਪਾਤ ਦਾ ਭੇਦ ਹਮੇਸ਼ਾ ਲਈ ਸਿੱਖ ਕੌਮ ਵਿਚੋਂ ਖਾਲਸਾ ਪੰਥ ਸਜਾ ਕੇ ਖ਼ਤਮ ਕਰ ਦਿਤਾ, ਉਥੇ ਸਿੰਘਾਂ ਵਿਚ ਬਰਾਬਰਤਾ ਦਾ ਅਸੂਲ ਵੀ ਦ੍ਰਿੜ੍ਹ ਕਰਾ ਦਿਤਾ ਅਤੇ 'ਸਰਦਾਰੀ' ਦਾ ਖ਼ਿਤਾਬ ਇਕ ਸ਼੍ਰੇਣੀ ਤੋਂ ਤੋੜ ਕੇ, ਹਰ ਇਕ 'ਸਿੰਘ' ਨੂੰ ਸਰਦਾਰੀ ਦੇ ਕੇ ਸਰਦਾਰ (ਇੱਜ਼ਤਦਾਰ) ਬਣਾ ਦਿੱਤਾ।

## ਸਰਦਾਰੀ ਲੈਣ ਲਈ ਸ਼ਰਤ–

ਇਹ ਸਰਦਾਰੀ ਐਵੇਂ ਹੀ ਨਹੀਂ ਦਿਤੀ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ ਮਾਰਗ ਤੇ ਚਲਣ ਲਈ,ਸਰਦਾਰੀ ਦੇਣ ਤੋਂ ਪਹਿਲਾਂ,ਇਹ ਸ਼ਰਤ ਵੀ ਰੱਖੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਸਲੋਕ ਮ: ੧, ਪੰਨਾ ੧੪੧੨

ਸਤਿਗੁਰਾਂ ਨੇ ਪਹਿਲਾਂ ਸਿਰ ਦੀ ਫ਼ੀਸ ਲੈ ਕੇ ਫਿਰ ਸਰਦਾਰੀ, ਪਾਤਸ਼ਾਹੀ ਅਤੇ ਲੱਖਾਂ ਖੁਸ਼ੀਆਂ ਬਖ਼ਸ਼ੀਆਂ।

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪਿ ਗਵਾਇ॥

ਸਲੋਕ ਮ: ੩, ਪੰਨਾ ੬੪੯

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥

॥੧॥੩੭॥ ਸਲੋਕੁ ਮ: ੩, ਪੰਨਾ ੧੨੪੭

ਸਤਿਗੁਰੂ ਦੀ ਸੇਵਾ ਕਠਨ ਹੈ, ਡਾਢੀ ਔਖੀ ਹੈ ਅਤੇ ਆਪਣਾ ਆਪ ਗੁਆ ਕੇ, ਆਪਣਾ ਸੀਸ ਸਤਿਗੁਰਾਂ ਨੂੰ ਅਰਪਣ ਕਰ ਕੇ ਸੇਵਾ ਥਾਇ ਪੈਂਦੀ ਹੈ। ਫਿਰ ਸੱਚੇ


www.AKJ.Org

ਪਾਤਸ਼ਾਹ ਵਲੋਂ ਸਿੱਖੀ ਪਰਵਾਨ ਪੈਂਦੀ ਹੈ, ਖੁਸ਼ੀ ਪ੍ਰਾਪਤ ਹੁੰਦੀ ਹੈ ਅਤੇ ਸਰਦਾਰੀ ਮਿਲਦੀ ਹੈ।

ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਆਪਣਾ ਤਨ, ਮਨ, ਧਨ, ਅਤੇ ਆਪਣਾ ਸਭ ਕੁਝ ਸਤਿਗੁਰੂ ਦੇ ਅਰਪਣ ਕਰਨਾ ਪੈਂਦਾ ਹੈ, ਸਤਿਗੁਰੂ ਦਾ ਹੁਕਮਾਂ ਸਿਰ ਹੁਕਮ, ਨਾਮ ਜਪਣ ਦਾ ਹੁਕਮ, ਦਮ-ਬ-ਦਮ ਜਪਣ ਦਾ ਹੁਕਮ, ਉਠਦਿਆਂ ਬਹਿੰਦਿਆਂ ਸੌਂਦਿਆਂ ਜਾਗਦਿਆਂ ਜਪਣ ਦਾ ਹੁਕਮ, ਕਮਾਉਣ ਨਾਲ ਇਹ ਸਰਦਾਰੀ ਪ੍ਰਾਪਤ ਹੁੰਦੀ ਹੈ। ਗੁਰਵਾਕ ਹਨ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ,
ਹੁਕਮਿ ਮੰਨਿਐ ਪਾਈਐ ॥

ਰਾਮਕਲੀ ਮ: ੩ ਅਨੰਦੁ, ਪੰਨਾ ੯੧੮

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥੨॥੧੮॥

ਸੁਖਮਨੀ ਮ: ੫, ਪੰਨਾ ੨੮੬

ਤਨੁ ਮਨੁ ਧਨੁ ਅਰਪੀ ਸਭੋ,
ਸਗਲ ਵਾਰੀਐ ਇਹ ਜਿੰਦੁ ॥੪॥੮੩॥

ਸਿਰੀਰਾਗੁ ਮ: ੫, ਪੰਨਾ ੪੭

ਤਨੁ ਮਨੁ ਵਾਰੀ ਵਾਰਿ ਘੁਮਾਈ,
ਅਪਨੇ ਗੁਰ ਵਿਟਹੁ ਬਲਿਹਾਰੀ ॥੨੭॥

ਰਾਮਕਲੀ ਮ: ੩, ਪੰਨਾ ੯੧੧

ਜਿਹੜਾ ਗੁਰੂ ਕਾ ਸਿੱਖ ਮਨ ਕਰਕੇ ਰਾਮ ਨਾਮ ਅਰਾਧਣ ਦੀ ਕਾਰ ਕਰਦਾ ਹੈ, ਗੁਰ ਸ਼ਬਦ ਦੀ ਕਮ ਈ ਕਰਦਾ ਹੈ, ਉਸ ਦੀਆਂ ਸਭੇ ਇਛਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਉਸ ਦੇ ਸਭੇ ਡਰ ਚੁਕ ਜਾਂਦੇ ਹਨ। ਸਤਿਗੁਰੂ ਉਸ ਦਾ ਮਨ ਪਰਬੋਧ ਦਿੰਦੇ ਹਨ ਅਤੇ ਉਹ ਰਸ ਰਸ ਕੇ ਨਾਮ-ਰਸ ਦੇ ਗਟਾਕ ਪੀਂਦਾ ਹੈ। ਨਾਮ-ਅੰਮ੍ਰਿਤ ਪੀਣ ਨਾਲ ਉਸ ਦੀਆਂ ਸਭ ਭੁਖਾਂ ਮਿਟ ਜਾਂਦੀਆਂ ਹਨ ਅਤੇ ਉਹ ਇਸ ਤਰ੍ਹਾਂ ਦੀਆਂ ਜੋਦੜੀਆਂ ਵਿਚ ਜੁੜਿਆ ਰਹਿੰਦਾ ਹੈ—

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ,
ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ,
ਗੁਰ ਰਾਖਹੁ ਲਾਜ ਜਨ ਕੇ ॥੪॥੧॥੧੦॥

ਸੂਹੀ ਮ: ੪, ਪੰਨਾ ੭੩੧

ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ,
ਸਿਰੁ ਵੇਚਿ ਲੀਓ ਮੁਲਿ ਮਹਘਾ ॥ਰਹਾਉ॥੧੧॥

ਸੂਹੀ ਮ: ੪, ਪੰਨਾ ੭੩੧

ਆਪਣਾ ਆਪ ਕੁਰਬਾਨ ਕਰ ਕੇ ਆਪਣਾ ਸਿਰ ਗੁਰੂ ਦੀ ਭੇਟ ਕਰ ਕੇ ਹੀ ਸਤਿਗੁਰੂ ਤੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਚ ਪਦਵੀ ਤੇ ਪੁਜੀਦਾ ਹੈ—

ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ,
ਸਿਰੁ ਵੇਚਿਓ ਗੁਰ ਪਹਿ ਮੋਲੀ ॥੩॥੫੩॥

ਗਉੜੀ ਪੂਰਬੀ ਮ: ੪, ਪੰਨਾ ੧੬੯

ਇਸ ਤਰ੍ਹਾਂ ਸਤਿਗੁਰੂ ਦੇ ਬਖਸ਼ੇ ਨਾਮ ਦੇ "ਸਚੈ ਮਾਰਗਿ ਚਲਦਿਆ" ਹੋਇਆਂ ਲੋੜ ਬਣੇ ਤੇ ਜਿਹੜਾ ਗੁਰੂ ਕਾ ਸਿੱਖ ਆਪਣਾ ਸੀਸ ਗੁਰੂ ਦੇ ਚਰਨਾਂ ਵਿਚ ਅਰਪਣ ਕਰ ਦੇਂਦਾ ਹੈ, ਗੁਰੂ-ਪੰਥ ਦੀ ਸ਼ੇਵਾ ਵਿਚ ਹਾਜ਼ਰ ਕਰ ਦਿੰਦਾ ਹੈ, ਸਹੀ ਅਰਥਾਂ ਵਿਚ ਉਹੀ 'ਸਰਦਾਰੀ" ਦੇ ਖ਼ਿਤਾਬ ਦਾ ਹੱਕਦਾਰ ਹੈ।

ਇਸ ਲਈ ਆਉ, ਅਸੀਂ ਸਾਰੇ ਗੁਰੂ ਵਾਲੇ ਬਣ ਕੇ, ਖੰਡੇ-ਬਾਟੇ ਦੀ 'ਪਾਹੁਲ ਖੰਡੇਧਾਰ' ਪਾਨ ਕਰ ਕੇ, ਤਿਆਰ-ਬਰ ਤਿਆਰ ਸਿੰਘ ਸੱਜ ਕੇ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ "ਸੱਚੇ ਮਾਰਗ" ਤੇ ਚੱਲੀਏ ਅਤੇ 'ਸਰਦਾਰੀ" ਦਾ ਖ਼ਿਤਾਬ ਲੈਣ ਦੇ ਹੱਕਦਾਰ ਬਣੀਏ। ਜੋ ਕਿ ਸਿਰ ਵਾਲੇ ਹੋਣ ਦੀ, ਇੱਜ਼ਤਦਾਰ ਹੋਣ ਦੀ ਅਤੇ ਚੜ੍ਹਦੀ ਕਲਾ ਤੇ "ਫਤਹ" ਦੀ ਪ੍ਰਤੀਕ ਹੈ।

ਸੋ ਖ਼ਾਲਸਾ ਜੀ—

ਜਿਨ੍ਹਾਂ ਜ਼ਿੰਦਗਾਨੀ ਧਰਮ ਲਈ ਵਾਰੀ।
ਹੈ ਕੀਤੀ ਪ੍ਰਾਪਤ "ਸ਼ਹੀਦੀ-ਸਰਦਾਰੀ।"
ਸਿਜਦੇ ਕਰਾਂ, ਮੈਂ ਸਿਜਦੇ ਕਰਾਂ,
ਕਈ ਲੱਖ ਵਾਰੀ, ਕਈ ਕੋਟ ਵਾਰੀ।
ਜਿਨ੍ਹਾਂ 'ਤਨ' ਆਪਣਾ, ਪੂਣੀ ਬਣਾਇਆ।
ਚਰਖੜੀਆਂ ਤੇ ਚੜ੍ਹੇ, ਦਿਲ ਨਾ ਡੁਲਾਇਆ।
ਸਿੱਖੀ-ਸ਼ਮ੍ਹਾ ਦੇ ਸਿਦਕੀ ਪਰਵਾਨੇ।
ਸਿੱਖੀ ਤੋਂ ਮਰਦੇ ਰਹੇ ਵਾਰੋ ਵਾਰੀ।
ਸਿੱਖੀ ਦੇ ਬਦਲੇ, ਸੀ ਖੋਪਰ ਲਗਾਇਆ।
ਬੰਦ-ਬੰਦ ਸਿੱਖੀ ਦੇ ਬਦਲੇ ਕਟਵਾਇਆ।


www.AKJ.Org

ਦੇਗਾਂ ਚਿ ਉਬਲੇ ਜੀਊਂਦੇ ਹੀ ਸੜ ਗਏ।
ਕੀਤੀ ਸਵਾਸਾਂ ਤੋਂ ਸਿੱਖੀ ਪਿਆਰੀ।
ਕੋਈ ਸੀਸ ਆਪਣਾ, ਤਲੀ ਤੁਰਿਆ ਧਰ ਕੇ।
ਕੋਈ ਰਣ-ਤੱਤੇ, ਹੋਇਆ ਜੀਉਂਦਾ ਮਰ ਕੇ।
ਅਜਬ ਕਹਾਣੀ ਏ, ਮਰਦੇ ਮੁਜਾਹਿਦਾਂ ਦੀ,
ਦਿੱਤੀ ਸ਼ਹਾਦਤ ਹੈ ਜੱਗ ਤੋਂ ਨਿਆਰੀ।
ਕਿਸੇ ਤੇਗ ਚੁੱਕੀ, ਤੇ ਛੱਡੇ ਜੈਕਾਰੇ।
ਸਿੱਖ ਉਬਾਰੇ, ਮਹਾਂ ਦੁਸ਼ਟ ਮਾਰੇ।
ਯੋਧੇ, ਜਰਨੈਲ ਮਹਾਂ ਬਲੀ 'ਬੰਦੇ' ਤੋਂ,
ਥਰ ਥਰ ਕੰਬੀ "ਸਰਹੰਦ-ਗੁਰੂ-ਮਾਰੀ।"
ਕਿਸੇ ਤੇਗ ਚੁੱਕੀ ਤੇ ਐਸੀ ਲਹਿਰਾਈ।
ਵੱਡੇ ਲੁਟੇਰਿਆਂ ਨੂੰ ਵੀ ਠੱਲ੍ਹ ਪਾਈ।
ਸਿਰਦਾਰ ਹਰੀ ਸਿੰਘ ਨਲੂਏ ਦੇ ਨਾਂ ਤੋਂ,
ਅਜੇ ਤੱਕ ਡਰਦੇ ਨੇ ਕਾਬਲ-ਕੰਧਾਰੀ।
ਜਦੋਂ ਕਿਸੇ ਸੂਰੇ ਦੀ ਅਣਖ ਵੰਗਾਰੀ।
ਕੀਤੀ ਘਰੋਂ ਉੱਠ ਰਣ ਨੂੰ ਤਿਆਰੀ।
ਕੁੱਦਿਆ ਸਭਰਾਵਾਂ ਦੇ ਜੰਗ ਵਿਚ ਜਾ ਕੇ,
ਬੁੱਢਾ ਜਰਨੈਲ ਸ਼ਾਮ ਸਿੰਘ ਅਟਾਰੀ।
ਸਿਰ ਤੋਂ ਨਾ ਮਹਿੰਗੀ "ਸ਼ਹੀਦੀ ਸਰਦਾਰੀ।"
ਖੱਟੀ ਉਹਨਾਂ, ਜੋ ਨੇ ਸੱਚੇ ਵਿਉਪਾਰੀ।
ਜਿਨ੍ਹਾਂ ਸਿਰ ਆਪਣਾ ਹੈ ਸੌਂਪਿਆਂ ਗੁਰਾਂ ਨੂੰ,
ਉਹਨਾਂ ਗੁਰਸਿੱਖਾਂ ਤੋਂ ਜਾਈਏ ਬਲਿਹਾਰੀ।

ਪਰ ਅਫਸੋਸ ਇਸ ਗੱਲ ਦਾ ਹੈ ਕਿ ਅੱਜ ਕੁਝ ਲੋਕ ਕਲਗੀਧਰ ਜੀ ਦੇ ਸਿੰਘਾਂ ਦੇ ਨਾਮ ਅੱਗੇ "ਸਰਦਾਰ" ਸ਼ਬਦ ਲਿਖਿਆ ਵੇਖ ਕੇ 'ਚਿੱੜ' ਖਾਂਦੇ ਹਨ। ਉਹ ਲੋਕ ਸਿੰਘਾਂ ਦੇ ਨਾਵਾਂ ਅੱਗੇ 'ਸਰਦਾਰ' ਸ਼ਬਦ ਲਿਖਣ ਅਤੇ ਬੋਲਣ ਤੋਂ ਵੀ ਸੰਕੋਚ ਕਰਦੇ ਹਨ, ਜੋ ਕਿ ਇਨ੍ਹਾਂ ਲੋਕਾਂ ਦੀ ਮਾਨਸਿਕ ਕਮਜ਼ੋਰੀ ਦਾ ਪ੍ਰਤੀਕ ਹੈ। ਉਹਨਾਂ ਬੇ-ਸਿਰੇ ਅਤੇ ਸਿਰ-ਫਿਰੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹਰ ਇੱਕ ਸਿੰਘ ਅੰਮ੍ਰਿਤ ਪਾਨ ਕਰਨ ਸਮੇਂ ਆਪਣਾ ਸੀਸ ਗੁਰੂ ਚਰਨਾਂ ਵਿਚ ਅਰਪਨ ਕਰਦਾ ਹੈ। ਸੀਸ ਦੀ ਫ਼ੀਸ ਅਦਾ ਕਰ ਕੇ ਉਹ ਗੁਰੂ ਦਰਬਾਰ ਵਿੱਚ, ਗੁਰੂ ਜੀ ਪਾਸੋਂ 'ਸਰਦਾਰੀ ਦੇ ਖ਼ਿਤਾਬ' ਨਾਲ ਨਿਵਾਜਿਆ ਜਾਂਦਾ ਹੈ। ਸਿਰ ਦੇ ਕੇ ਹੀ ਸਿਰਦਾਰੀ ਅਤੇ ਸਵੈ-ਮਾਨੀ ਪ੍ਰਾਪਤ ਕੀਤੀ ਗਈ ਹੁੰਦੀ ਹੈ। ਫਿਰ ਇਸੇ ਸਿੱਖ ਕੌਮ ਦੇ ਸੂਰਬੀਰ ਸਿੰਘਾਂ ਦੇ ਸਿਰਾਂ ਦੇ ਮੁੱਲ ਅਸੀ ਰੁਪਏ ਤੋਂ ਲੈ ਕੇ ਹਜ਼ਾਰਾਂ ਰੁਪਏ ਤੱਕ, ਭਾਵ ਕੀਮਤ ਪਈ ਹੈ। ਕਿਸੇ ਬੇ-ਸਿਰੇ ਦੀ ਨਹੀਂ, ਬਲਕਿ ਕਲਗੀਧਰ ਪਾਤਸ਼ਾਹ ਦੀ ਸਾਜੀ ਖ਼ਾਲਸਾ ਕੌਮ-ਸਰਦਾਰਾਂ ਦੀ ਕੌਮ ਦੇ ਸਿਰਾਂ ਦੀ ਹੀ ਕੀਮਤ ਪਈ ਹੈ। ਇਸ ਲਈ ਮੇਰਾ ਉਹਨਾਂ ਲੋਕਾਂ ਨੂੰ ਸੁਝਾਅ ਹੈ, ਜੋ 'ਸਰਦਾਰ' ਸ਼ਬਦ ਤੋਂ ਚਿੜ ਖਾਂਦੇ ਹਨ ਕਿ ਉਹ ਸਿੱਖ ਕੌਮ, ਭਾਵ ਮਰਦਾਂ ਦੇ ਇਸ ਪਾਵਨ ਇਤਿਹਾਸ ਤੋਂ ਸਬਕ ਸਿਖਣ ਅਤੇ ਆਪਣੀ ਮਾਨਸਿਕ ਕਮਜ਼ੋਰੀ ਦੂਰ ਕਰ ਕੇ ਘ੍ਰਿਣਾ-ਰਹਿਤ ਮਨ ਬਣਾਉਣ।

---

# ਬੱਚੀ ਦਾ ਵਿਛੋੜਾ ਤੇ ਦਸਮੇਸ਼ ਜੀ ਦੇ ਪਾਸ ਜੋਦੜੀ

[ਸ: ਤ੍ਰਿਲੋਕ ਸਿੰਘ ਜੀ ਵਾਸੂ, ਪਾਂਛਟਾ ਜ਼ਿਲਾ ਕਪੂਰਥਲਾ]

ਸਰਦਾਰ ਸਾਹਿਬ ਆਪਣੀ ਬੱਚੀ ਦੇ ਵਿਛੋੜੇ ਨੂੰ ਪ੍ਰਗਟਾਉਂਦੇ ਹੋਏ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿਚ ਜੋਦੜੀਆਂ ਕਰਦੇ ਹਨ। ਉਨ੍ਹਾਂ ਦੇ ਹਿਰਦੇ ਦਾ ਅਥਾਹ ਪ੍ਰੇਮ ਜਾਣ ਕੇ ਇਹ ਦੋਵੇਂ ਬੰਦ ਦਿਤੇ ਜਾ ਰਹੇ ਹਨ।

ਮੇਰੀ ਪਿਆਰੀਏ ਗੁਰਮੁਖੇ ਜੋਤ ਬੱਚੀਏ, ਕਿਸੇ ਜੁਗ ਦਾ ਤੇਰਾ ਸੰਜੋਗ ਧੀਆ।
ਤੂੰ ਤਾਂ ਪੁਤਰਾਂ ਤੋਂ ਮੈਨੂੰ ਵਧ ਪਿਆਰੀ, ਬੜੀ ਸੁਘੜ ਸੁਜਾਨ ਸੁਜੋਗ ਧੀਆ।
ਮੇਰੀ ਮਾਲਾ ਦਾ ਇਕ ਅਮੋਲ ਮਣਕਾ, ਗਿਆ ਟੁੱਟ ਤੇ ਪਿਆ ਵਿਜੋਗ ਧੀਆ।
ਕਿਥੋਂ ਭਾਲਾਂ ਤੇ ਕਿਧਰ ਨੂੰ ਜਾਵਾਂ ਹੁਣ ਮੈਂ, ਲਾ ਗਈਓਂ ਅਵੱਲੜਾ ਰੋਗ ਧੀਆ।
ਲਿਖ ਲਿਖ ਚਿਠੀਆਂ ਪਾਵਾਂ ਦਸਮੇਸ਼ ਜੀ ਨੂੰ, ਬਹੁੜ ਪੰਥ ਦੇ ਵਾਲੀਆ ਆ ਸਤਿਗੁਰ!
ਹਾਲਤ ਵੇਖ ਤੂੰ ਦਰਦ-ਰੰਞਾਣਿਆਂ ਦੀ, ਸਾਨੂੰ ਬਿਖੜੇ ਦਾਉ ਲੰਘਾ ਸਤਿਗੁਰ!
ਸਾਥੋਂ ਵਿਛੜਿਆ ਨਾਨਕ ਦਾ ਨਨਕਾਣਾ, ਖੁਲ੍ਹੇ ਦਰਸ਼ਨਾਂ ਦਾ ਖ਼ੈਰ ਪਾ ਸਤਿਗੁਰ!
ਗੁਰਦਵਾਰੇ ਗੁਰਧਾਮ ਆਜ਼ਾਦ ਹੋਵਣ, ਨਵੀਂ ਲਹਿਰ ਆਜ਼ਾਦੀ ਚਲਾ ਸਤਿਗੁਰ!

www.AKJ.Org

# ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ

[ਸ: ਮਦਨ ਸਿੰਘ ਜੀ, 11-Apollo Way, Perry Barr, ਬਰਮਿੰਘਮ-20, ਯੂ. ਕੇ.]

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥
ਤੁਮ ਤੇ ਹੋਇ ਸੁ ਆਗਿਆਕਾਰੀ ॥੮॥੪॥
(ਸੁਖਮਨੀ ਸਾਹਿਬ)

ਵਾਹਿਗੁਰੂ ਅਕਾਲ ਪੁਰਖ ਨੇ ਸ੍ਰਿਸ਼ਟੀ ਸਾਜ ਕੇ ਹਰ ਚੀਜ਼ ਤੇ ਹਰੇਕ ਕੰਮ ਨੂੰ ਨਿਯਮ-ਬਧ ਕਰ ਦਿਤਾ ਹੈ। ਕਾਦਰ ਦੇ ਨਿਯਮਾਂ ਦੀ ਉਲੰਘਣਾ ਕਰਨਾ ਆਪਣੇ ਆਪ ਨੂੰ ਉਸ ਮਾਲਕ ਵਾਹਿਗੁਰੂ ਦੀ ਕਰੋਪੀ ਦਾ ਨਿਸ਼ਾਨਾ ਬਣਾਉਣਾ ਹੈ। ਇਸੇ ਤਰ੍ਹਾਂ ਜ਼ੁਲਮ ਕਰਨ ਤੇ ਸਹਿਣ ਦੀ ਭੀ ਹੱਦ ਹੈ। ਜਦ ਜ਼ਾਲਮ ਜ਼ੁਲਮ ਦੀਆਂ ਹੱਦਾਂ ਟੱਪ ਕੇ ਨਿਰਦੋਸ਼ ਲੋਕਾਂ ਦੇ ਖ਼ੂਨ ਦੀ ਹੋਲੀ ਖੇਡਦਾ ਹੈ ਤਾਂ ਅਕਾਲ ਪੁਰਖ ਇਸ ਕਹਿਰ ਦੀ ਹਨੇਰੀ ਨੂੰ ਠਲ੍ਹ ਪਾਉਣ ਲਈ ਰੱਬੀ ਅਵਤਾਰ ਦੁਨੀਆ ਵਿਚ ਘਲਦਾ ਹੈ। ਉਹ ਸਹੀ ਅਰਥਾਂ ਵਿਚ ਭੁਲੀ ਭਟਕੀ ਲੋਕਾਈ ਨੂੰ ਰਾਹਿ-ਰਾਸਤ ਤੇ ਲਿਆਉਣ ਲਈ ਪ੍ਰਚਾਰ ਕਰਦੇ, ਉਪਦੇਸ਼ ਦਿੰਦੇ ਤੇ ਆਪਣਾ ਆਪਾ ਤਕ ਕੁਰਬਾਨ ਕਰਦੇ ਹਨ। ਇਹ ਆਪਾ ਵਾਰਨਾ ਸ਼ਹੀਦੀ ਹੈ।

ਹਰ ਕੌਮ ਤੇ ਹਰੇਕ ਮਜ਼੍ਹਬ ਦੇ ਇਤਿਹਾਸ ਵਿਚ ਆਪਾ-ਵਾਰੂ ਸ਼ਹੀਦਾਂ ਦੀਆਂ ਕੁਰਬਾਨੀਆਂ ਦੀਆਂ ਜ਼ਿੰਦਾ ਮਿਸਾਲਾਂ ਮਿਲਦੀਆਂ ਹਨ। ਈਸਾਈ ਮੱਤ ਵਿਚ ਹਜ਼ਰਤ ਯਸੂਹ ਮਸੀਹ ਜੀ ਨੂੰ ਸੂਲੀ ਤੇ ਚੜ੍ਹਾਇਆ ਗਿਆ। ਉਸਦੇ ਹੋਰ ਪੈਰੋਕਾਰਾਂ ਨੂੰ ਜਿਸਮਾਨੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਈਸਾਈ ਮੱਤ ਨੂੰ ਮੰਨਣ ਵਾਲਿਆਂ ਦੀ ਗਿਣਤੀ ਸੰਸਾਰ ਦੇ ਹੋਰ ਧਰਮਾਂ ਦੇ ਮੁਕਾਬਲੇ ਵਿਚ ਪਹਿਲੇ ਨੰਬਰ ਤੇ ਹੈ। ਈਸਾਈ ਲੋਕ ਹਜ਼ਰਤ ਯਸੂਹ ਮਸੀਹ ਦੀ ਇਸ ਕੁਰਬਾਨੀ ਤੇ ਫ਼ਖ਼ਰ ਕਰਦੇ ਹਨ, ਅਤੇ ਇਹ ਠੀਕ ਵੀ ਹੈ, ਕਿਉਂਕਿ ਉਸ ਨੇ ਸੱਚ ਲਈ ਸ਼ਹਾਦਤ ਦਿੱਤੀ ਸੀ।

ਜ਼ਾਲਮ ਹਮੇਸ਼ਾ ਆਪਣੀ ਝੂਠੀ ਤਾਕਤ ਦਾ ਸਿੱਕਾ ਜਮਾਉਣ ਲਈ ਜ਼ੁਲਮ ਕਰਦਾ ਰਹਿੰਦਾ ਹੈ। ਤਾਹੀਂ ਤਾਂ ਜਹਾਂਗੀਰ ਬਾਦਸ਼ਾਹ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਮਰਯਾਦਾ ਨੂੰ ਝੂਠ ਦੀ ਦੁਕਾਨ ਆਖ ਕੇ ਭੰਡਣ ਦਾ ਯਤਨ ਕੀਤਾ। ਉਸਦੇ ਪਿਠੂਆਂ ਨੇ ਰੱਜ ਕੇ ਅਨਿਆਏ ਫੈਲਾਇਆ, ਕਿਉਂਕਿ–

"ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥
ਸਾਕਤ ਕੀ ਬਿਧਿ ਨੈਨਹੁ ਡੀਠੀ ॥" ੨॥੩੨॥
ਪੰਨਾ ੮੯੨

ਜਹਾਂਗੀਰ ਨੇ 'ਹਰਿ ਕੇ ਰੂਪ' ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿਲ-ਕੰਬਾਊ ਜਿਸਮਾਨੀ ਤਸੀਹੇ ਦੇ ਕੇ ਸ਼ਹੀਦ ਕੀਤਾ। ਪਰ ਜਿਥੇ ਮੁਸਲਮਾਨ ਹੁਕਮਰਾਨਾਂ ਦਾ ਜ਼ੁਲਮ ਹੱਦ ਟੱਪ ਰਿਹਾ ਸੀ ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹਿਨ-ਸ਼ਕਤੀ ਵੀ ਆਖ਼ਰਾਂ ਨੂੰ ਛੋਹ ਰਹੀ ਸੀ। ਇਸ ਪਵਿਤਰ ਸ਼ਹੀਦੀ ਦਾ ਪ੍ਰਤੀਕਰਮ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ, ਜਿਹੜਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਸ਼ੁਰੂ ਕੀਤਾ, ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਅਕਾਲ ਤਖ਼ਤ ਦੀ ਸਥਾਪਨਾ ਕੀਤੀ। ਧਰਮ-ਯੁਧ ਕਰਨ ਲਈ ਸਿਖਾਂ ਨੂੰ ਜਥੇਬੰਦ ਕੀਤਾ। ਮੁਗਲ ਫ਼ੌਜਾਂ ਨੂੰ ਹਾਰ ਤੇ ਹਾਰ ਦੇ ਕੇ ਸਾਬਤ ਕੀਤਾ ਕਿ ਜ਼ੁਲਮ ਕਰਨ ਵਾਲਾ ਆਪਣੇ ਜ਼ੋਰ ਜ਼ੁਲਮ ਦੀ ਚੱਕੀ ਵਿਚ ਹੀ ਪੀਸਿਆ ਜਾਂਦਾ ਹੈ।

ਸਿਖ ਇਤਿਹਾਸ ਨੂੰ ਜੇਕਰ ਅਸੀਂ ਖ਼ੂਨ ਨਾਲ ਸਿਰਜਿਆ ਆਖੀਏ ਤਾਂ ਅਤਿਕਥਨੀ ਨਹੀਂ। ਜਿੰਨੇ ਸ਼ਹੀਦ ਯੋਧੇ ਸਿਖ ਧਰਮ ਵਿਚ ਹੋਏ ਹਨ, ਹੋਰ ਕਿਸੇ ਕੌਮ ਵਿਚ ਨਹੀਂ ਮਿਲਣਗੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਕੁਰਬਾਨੀ ਦੇਣ ਦੀ ਚਲਾਈ ਅਦੁੱਤੀ ਪਿਰਤ ਨੂੰ ਪੱਕੀ ਮੋਹਰ ਲਾ ਕੇ ਅਗੋਂ ਨਾ-ਮੁਕਣ ਵਾਲੀ ਸ਼ਹੀਦਾਂ ਦੀ ਲੜੀ ਚਾਲੂ ਕਰ ਦਿਤੀ। ਜਿਹਾ ਕਿ ਸ੍ਰੀ ਕਲਗੀਧਰ ਪਾਤਸ਼ਾਹ ਜੀ ਦੇ ਦੋ ਸਾਹਿਬਜ਼ਾਦਿਆਂ ਦਾ ਧਰਮ-ਯੁਧ ਵਿਚ ਸ਼ਹੀਦੀ-ਜਾਮ ਪੀਣਾ, ਦੋ ਨਿੱਕੇ ਮਾਸੂਮ ਲਾਲਾਂ ਦਾ ਜ਼ਿੰਦਾ ਨੀਂਹਾਂ ਵਿਚ ਚਿਣੇ ਜਾਣਾ, ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਜਾਣਾ,



www.AKJ.Org

ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਜਾਣਾ, ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕਟੇ ਜਾਣੇ ਤੇ ਹੋਰ ਬੇਅੰਤ ਸਿੰਘਾਂ ਨੂੰ ਜੀਉਂਦੇ ਅੱਗ ਵਿਚ ਸਾੜ ਕੇ ਸ਼ਹੀਦ ਕੀਤਾ ਜਾਣਾ ਆਦਿ। ਇਨ੍ਹਾਂ ਕੁਰਬਾਨੀਆਂ ਸਦਕਾ ਕੌਮ ਜ਼ਿੰਦਾ ਹੈ ਤੇ ਗ਼ੈਰਤ ਨਾਲ ਜੀਊ ਰਹੀ ਹੈ। ਗੁਰੂ ਕਾ ਸਿਖ ਇਨ੍ਹਾਂ ਸ਼ਹੀਦ ਸਿੰਘਾਂ ਨੂੰ ਯਾਦ ਕਰਕੇ ਜਿੰਨਾ ਫ਼ਖ਼ਰ ਕਰੇ, ਥੋੜਾ ਹੈ।

ਸਿਖ ਸ਼ਹੀਦਾਂ ਦੀ ਵਿਲੱਖਣਤਾ ਦੂਸਰੇ ਧਰਮ ਦੇ ਸ਼ਹੀਦਾਂ ਨਾਲੋਂ ਵਖਰੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਜ਼ਲੂਮਾਂ ਦੀ ਖ਼ਾਤਰ ਆਪ ਚਲ ਕੇ ਕਾਤਲ ਪਾਸ ਗਏ। ਇਸੇ ਤਰ੍ਹਾਂ ਸ਼ਹੀਦ ਸਿੰਘਾਂ ਨੇ ਲੁਕਾਈ ਦੀ ਭਲਾਈ ਲਈ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਗੁਰੂ ਪਾਤਸ਼ਾਹ, ਸਾਹਿਬਜ਼ਾਦਿਆਂ ਤੇ ਹੋਰ ਸਿੰਘਾ ਨੂੰ ਧਨ-ਦੌਲਤ ਤੇ ਹੋਰ ਅਨੇਕ ਪ੍ਰਕਾਰ ਦੇ ਲਾਲਚ ਦਿੱਤੇ ਗਏ। ਪਰ ਇਨ੍ਹਾਂ ਮਰਜੀਵੜਿਆਂ ਨੇ ਦੁਨਿਆਵੀ ਸੁਖਾਂ ਨੂੰ ਲੱਤ ਮਾਰ ਕੇ ਸੱਚ ਦੇ ਮਾਰਗ ਤੇ ਚਲਣ ਵਾਲਾ ਬਿਖੜਾ ਰਸਤਾ ਚੁਣਿਆ, ਭਾਵ ਸ਼ਹੀਦ ਹੋਣ ਨੂੰ ਪਹਿਲ ਦਿਤੀ। ਚਾਰ ਪੰਜ ਸੌ ਸਾਲ ਤੋਂ ਲਗਾਤਾਰ ਸ਼ਹੀਦੀਆਂ ਪਾਉਣ ਦਾ ਸਿਲਸਿਲਾ ਕਿਸੇ ਨਾ ਕਿਸੇ ਰੂਪ ਵਿਚ ਜ਼ੁਲਮ ਨੂੰ ਠਲ੍ਹ ਪਾਉਣ ਲਈ ਚਲਦਾ ਆ ਰਿਹਾ ਹੈ।

"ਗ੍ਰੰਥ" ਤੇ "ਪੰਥ" ਸਿਖ ਕੌਮ ਦੇ ਦੋ ਵੱਡੇ ਮਜ਼ਬੂਤ ਥੰਮ੍ਹ ਹਨ। ਗੁਰੂ ਪਾਤਸ਼ਾਹ ਨੇ ਕੌਮ ਦੀ ਉਸਾਰੀ ਇਨ੍ਹਾਂ ਦੋਹਾਂ ਥੰਮ੍ਹਾਂ ਤੇ ਕੀਤੀ। ਉਦੋਂ ਵੀ ਤੇ ਹੁਣ ਵਰਤਮਾਨ ਸਮੇਂ ਵਿਚ ਵੀ ਸਿਖੀ ਹੋਂਦ ਨੂੰ ਖ਼ਤਮ ਕਰਨ ਲਈ ਅਤੇ ਇਨ੍ਹਾਂ ਦੋਹਾਂ ਥੰਮ੍ਹਾਂ ਨੂੰ ਕਮਜ਼ੋਰ ਕਰਨ ਲਈ ਅੰਦਰੋਂ ਤੇ ਬਾਹਰੋਂ ਦੁਸ਼ਮਨ ਭਰਪੂਰ ਹਮਲੇ ਕਰਦਾ ਆ ਰਿਹਾ ਹੈ। ਕਈ ਪਾਖੰਡੀ ਸਾਧ ਸਿਖੀ ਬਾਣੇ ਵਿਚ ਗੁਰੂ ਬਾਣੀ ਵਿਚ ਰਲਾ ਪਾਉਣ ਦੇ ਯਤਨਾਂ ਵਿਚ ਹਨ। ਇਸੇ ਤਰ੍ਹਾਂ ਕਈ ਭੱਦਰ ਪੁਰਸ਼ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚੋਂ ਆਪਣੇ ਸੁਆਰਥ ਲਈ ਢੁਕਵੀਆਂ ਤੁਕਾਂ ਚੋਰੀ ਕਰ ਕੇ ਲੋਕਾਂ ਨੂੰ ਗੁਮਰਾਹ ਕਰਨ ਵਿਚ ਲਗੇ ਹੋਏ ਹਨ। ਗੁਰੂ ਪਾਤਸ਼ਾਹ ਦੇ ਸਮੇਂ ਵੀ ਧੀਰਮਲੀਆਂ ਤੇ ਰਾਮਰਾਈਆਂ ਨੇ ਇਹ ਕਾਲੀ ਕਰਤੂਤ ਕਰਨ ਦਾ ਯਤਨ ਕੀਤਾ ਸੀ। ਇਥੇ ਇਹ ਯਾਦ ਰਖਣ ਵਾਲੀ ਗੱਲ ਹੈ ਕਿ ਚੋਰ ਮਾਲਦਾਰ ਘਰ ਵਿਚ ਹੀ ਸੰਨ੍ਹ ਲਾਉਂਦੇ ਹਨ। "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਨਾਲ ਢੁਕਵੇਂ ਮੰਤਰਾਂ ਦੀਆਂ ਪੁੜੀਆਂ ਵੇਚ ਵੇਚ ਕੇ ਦੁਖੀ ਜਨਤਾ ਨੂੰ ਲੁਟਿਆ ਜਾ ਰਿਹਾ ਹੈ। ਹੁਣ ਦੇ ਹਾਲਾਤ ਤੋਂ ਜਾਪਦਾ ਹੈ ਕਿ ਕੌਮ ਵਿਚ ਆਪਣੇ ਵਿਰਸੇ ਦੀ ਸੰਭਾਲ ਲਈ ਕਾਫ਼ੀ ਜਾਗਰਤਾ ਆ ਚੁਕੀ ਹੈ ਤੇ ਕੌਮ ਸ਼ਹੀਦੀ ਗਾਨੇ ਬੰਨ੍ਹ ਕੇ ਗੁਰੂ ਗਰੰਥ ਸਾਹਿਬ ਦੇ ਦੋਖੀਆਂ ਤੇ ਚੋਰਾਂ ਨੂੰ ਸੋਧਣ ਲਈ ਮੈਦਾਨ ਵਿਚ ਆ ਚੁਕੀ ਹੈ।

ਇਸੇ ਤਰ੍ਹਾਂ ਇਸ ਵਰਤਮਾਨ ਹਿੰਦ ਸਰਕਾਰ ਨੇ ਮੁਸਲਮਾਨਾਂ ਤੇ ਫ਼ਰੰਗੀਆਂ ਵਾਲੀਆਂ ਕੋਝੀਆਂ ਚਾਲਾਂ ਅਪਣਾ ਲਈਆਂ ਹਨ। ਸਿਖ ਲੀਡਰਾਂ ਨੂੰ ਖਰੀਦਿਆ ਜਾ ਚੁਕਿਆ ਹੈ ਤੇ ਦੂਸਰਿਆਂ ਨੂੰ ਲੋਭ ਲਾਲਚ ਦੇ ਕੇ ਹਥ-ਠੋਕਾ ਬਣਾਇਆ ਜਾ ਰਿਹਾ ਹੈ। ਚਲ ਰਹੇ ਸਿਖ ਮੋਰਚੇ ਬਾਰੇ ਵਿਚਾਰ ਕਰਨ ਤੇ ਇਹ ਗਲ ਨਿੱਖਰ ਕੇ ਸਾਹਮਣੇ ਆ ਖਲੋਂਦੀ ਹੈ ਕਿ ਵਰਤਮਾਨ ਸ਼ਹੀਦ ਸਿੰਘਾਂ ਦੀ ਕੁਰਬਾਨੀ ਦਾ ਹੀ ਸਦਕਾ ਸਿਖ ਜਥੇਦਾਰ ਇਕੱਠੇ ਬੈਠਣ ਤੇ ਮਜਬੂਰ ਹੋਏ ਹਨ। ਇਹ ਵੀ ਗੱਲ ਯਾਦ ਰਖਣ ਵਾਲੀ ਹੈ ਕਿ ਕੌਮ ਨੇ ਪੰਥ ਨਾਲ ਕਦੇ ਗ਼ਦਾਰੀ ਨਹੀਂ ਕੀਤੀ। ਹਮੇਸ਼ਾਂ ਲੀਡਰ ਵਿਕਦੇ ਰਹੇ ਤੇ ਕੌਮ ਨੂੰ ਗੁਮਰਾਹ ਕਰਦੇ ਰਹੇ ਹਨ। ਮਾਸਟਰ ਤਾਰਾ ਸਿੰਘ ਫਤਹ ਸਿੰਘ ਨੇ 'ਪੰਥ ਖ਼ਤਰੇ ਵਿਚ' ਨਾਹਰਾ ਲਾਇਆ ਤਾਂ ਕੌਮ ਨੇ ਜੇਲ੍ਹਾਂ ਭਰ ਦਿਤੀਆਂ। ਹੁਣ ਫਿਰ ਸਿਖ ਲੀਡਰਾਂ ਨੇ ਆਵਾਜ਼ ਦਿਤੀ ਹੈ ਤਾਂ ਕਾਂਗਰਸ ਸਰਕਾਰ ਦਾ ਨੱਕ ਦੰਮ ਕਰ ਦਿਤਾ ਹੈ। ਵਾਹਿਗੁਰੂ ਇਨ੍ਹਾਂ ਲੀਡਰਾਂ ਨੂੰ ਸੁਮੱਤ ਬਖਸ਼ਦੇ ਰਹਿਣ ਅਤੇ ਮਿਲ ਬੈਠ ਕੇ ਸੱਚੀ ਸੁੱਚੀ ਸੇਵਾ ਲੈਂਦੇ ਰਹਿਣ।

ਭਾਰਤ ਵਿਚ ਇਸ ਸਮੇਂ ਹਰ ਅੰਮ੍ਰਿਤਧਾਰੀ ਨੂੰ, ਖ਼ਾਸ ਕਰਕੇ ਕਾਲੀ ਪੱਗ ਵਾਲੇ ਤੇ ਕੇਸਕੀ ਸਜਾਈ ਹੋਈ ਅੰਮ੍ਰਿਤਧਾਰੀ ਸਿੰਘਣੀ ਨੂੰ ਫਿਰਕੂ ਸਰਕਾਰ ਸ਼ੱਕ ਦੀ ਨਿਗਾਹ ਨਾਲ ਦੇਖਦੀ ਹੈ। ਯੂ. ਕੇ. ਤੋਂ ਸਿੰਘਾਂ ਤੇ ਸਿੰਘਣੀਆਂ ਨੂੰ ਭਾਰਤ-ਯਾਤਰਾ ਸਮੇਂ ਉਥੋਂ ਦੀ ਪੁਲਿਸ ਨੇ ਬਹੁਤ ਖੱਜਲ ਖੁਆਰ ਕੀਤਾ ਹੈ।


www.AKJ.Org

ਮੁਗਲਾਂ ਸਮੇਂ ਸਿਖਾਂ ਦੇ ਸਿਰਾਂ ਦਾ ਮੁੱਲ ਅੱਸੀ ਅੱਸੀ ਰੁਪਏ ਹੁੰਦਾ ਸੀ । ਹੁਣ ਮਹਿੰਗਾਈ (inflation) ਕਰਕੇ ਪੰਜ ਹਜ਼ਾਰ ਤੋਂ ਪੰਜਾਹ ਹਜ਼ਾਰ ਰੁਪਏ ਤਕ ਹੈ। ਮੁਗਲ, ਪੰਥ ਨੂੰ ਖ਼ਤਮ ਕਰਦੇ ਕਰਦੇ ਆਪ ਖ਼ਤਮ ਹੋ ਗਏ । ਸਿਖ ਮਾਰੂ-ਹਸਤੀਆਂ ਦਾ ਜੋ ਹਸ਼ਰ ਪਹਿਲੇ ਹੋਇਆ ਹੈ, ਓਹੋ ਅਗੋਂ ਹੋਵੇਗਾ ।

ਗੁਰੂ ਗ੍ਰੰਥ ਤੇ ਪੰਥ ਤੋਂ ਕੁਰਬਾਨ ਹੋਣਾ ਸਿਖ ਆਪਣੇ ਧੰਨ ਭਾਗ ਸਮਝਦਾ ਹੈ। ਮੌਤ ਦਾ ਭੈ ਗੁਰੂ ਦੇ ਸਿਖ ਲਈ ਕੋਈ ਮਤਲਬ ਨਹੀਂ ਰਖਦਾ । ਕਨਿੰਘਮ (Cunningham) ਆਪਣੀ ਲਿਖੀ ਪੁਸਤਕ 'HISTORY OF SIKHS' ਵਿਚ ਲਿਖਦਾ ਹੈ ਕਿ ਸਭਰਾਵਾਂ, ਮੁਦਕੀ ਅਤੇ ਫੇਰੂ ਸ਼ਹਿਰ ਦੀ ਲੜਾਈ ਵਿਚ ਉਹ ਕੈਪਟਨ ਦੀ ਹੈਸੀਅਤ ਵਿਚ ਸਿਖ ਫ਼ੌਜ ਦੇ ਖ਼ਿਲਾਫ਼ ਲੜਿਆ ਸੀ ਤੇ ਉਸ ਨੇ ਅਖੀਂ ਡਿਠੇ ਹਾਲ ਲਿਖੇ ਹਨ । ਉਹ ਲਿਖਦਾ ਹੈ, ਘਾਇਲ ਸਿਖ ਸਿਪਾਹੀਆਂ ਨੇ ਖੁਸ਼ੀ ਨਾਲ ਮੌਤ ਰਾਣੀ ਨਾਲ ਵਿਆਹ ਕੀਤਾ, ਪਰ ਰਹਿਮ ਦੀ ਭਿਖ ਨਹੀਂ ਮੰਗੀ, ਕਦੇ ਹਾਰ ਨਹੀਂ ਮੰਨੀ । ਇਕ ਜ਼ਖ਼ਮੀ ਸਿੰਘ ਦਾ ਦੰਮ ਟੁਟਣ ਤੋਂ ਪਹਿਲਾਂ ਉਸ ਨਾਲ ਕੀਤੀ ਗਲਬਾਤ ਲਿਖਦਾ ਹੈ ਕਿ ਉਸਨੇ ਉਸ ਸਿੰਘ ਨੂੰ ਕਿਹਾ, "ਤੁਮ ਹਥਿਆਰ ਕਿਉਂ ਨਹੀਂ ਛੋੜ ਦੇਤੇ, ਜਬ ਕਿ ਤੁਮ੍ਹਾਰੇ ਸਾਥੀ ਮਾਰੇ ਜਾ ਚੁਕੇ ਹੈਂ।" ਤਾਂ ਸਿਪਾਹੀ ਨੇ ਕਿਹਾ, "ਅਬੀ ਪੰਥ ਕਾ ਹੁਕਮ ਹਥਿਆਰ ਛੋੜਨੇ ਕਾ ਨਹੀਂ ਹੈ, ਹਮ ਲੜਤੇ ਜਾਏਂਗੇ।" ਕਨਿੰਘਮ ਸੋਚੀਂ ਪੈ ਗਿਆ ਕਿ ਪੰਥ ਕਿਸ ਜਰਨੈਲ ਦਾ ਨਾਮ ਹੈ। ਉਹ ਜ਼ਖ਼ਮੀ ਸਿੰਘ ਸਮਝਾ ਨਾ ਸਕਿਆ ਤੇ ਜ਼ਖ਼ਮਾਂ ਦੇ ਦਰਦ ਕਰਕੇ ਚਲਾਣਾ ਕਰ ਗਿਆ। ਲੜਾਈ ਖ਼ਤਮ ਹੋਣ ਤੋਂ ਬਾਅਦ ਮਾਝੇ ਵਿਚ ਇਕ ਬੁਢੇ ਸਿਖ ਨੂੰ ਖੇਤ ਵਿਚ ਕੰਮ ਕਰਦੇ ਨੂੰ ਦੇਖ ਕੇ ਕਨਿੰਘਮ ਨੇ ਪੁਛਿਆ, "ਬਾਬਾ, ਤੁਮ 'ਪੰਥ' ਕਿਸ ਕੋ ਬੋਲਤੇ ਹੋ ?" ਬਾਬਾ 'ਪੰਥ' ਦਾ ਨਾਮ ਸੁਣ ਕੇ ਉਠ ਖਲੋਤਾ । ਉਸਦਾ ਸਰੀਰ ਜੋਸ਼ ਨਾਲ ਕੰਬਣ ਲਗਾ ਅਤੇ ਅੱਖਾਂ ਰੋਹ ਵਿਚ ਲਾਲ ਹੋ ਗਈਆਂ। ਉਸ ਨੇ ਆਪਣੇ ਮੂੰਹੋਂ ਬੜੇ ਜ਼ੋਰ ਨਾਲ "ਪੰਥ, ਪੰਥ, ਪੰਥ" ਤਿੰਨ ਵੇਰਾਂ ਆਖਿਆ । ਤਾਂ ਉਹ ਕਹਿੰਦਾ ਹੈ, "ਮੈਂ ਸਮਝ ਗਿਆ ਹਾਂ ਕਿ ਜਦ ਸਿਖ ਦੇ ਅੰਦਰ ਦਸਾਂ ਗੁਰੂਆਂ ਦੀ ਆਤਮਾ ਨਿਵਾਸ ਕਰ ਜਾਵੇ ਤਾਂ ਸਿਖ ਪੰਥ ਹੋ ਜਾਂਦਾ ਹੈ।"

ਗਰੰਥ ਤੇ ਪੰਥ ਨੂੰ ਹਿੰਦੁਸਤਾਨ ਦਾ ਫ਼ਿਰਕੂ ਮਹਾਸ਼ਾ ਕਦੇ ਵੀ ਨਿਰਾਲੀ ਤੇ ਆਜ਼ਾਦ ਹਸਤੀ ਕਾਇਮ ਰਖਣੀ ਬਰਦਾਸ਼ਤ ਨਹੀਂ ਕਰੇਗਾ। ਹਿੰਦੂ ਧਰਮ ਨੇ ਬੁੱਧ ਧਰਮ ਤੇ ਜੈਨ ਮੱਤ ਤਾਂ ਹਜ਼ਮ ਕਰ ਲਏ, ਪਰ ਸਿਖ ਧਰਮ ਨੂੰ ਹਜ਼ਮ ਕਰਨਾ ਮੁਸ਼ਕਲ ਹੈ। ਸਿਖਾਂ ਨੂੰ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਜੁਗੋ ਜੁੱਗ ਅਟੱਲ ਦੀ ਅਗਵਾਈ ਬਖ਼ਸ਼ੀ ਹੋਈ ਹੈ। ਕੇਸਰੀ ਨਿਸ਼ਾਨ ਬਖਸ਼ਿਆ ਹੋਇਆ ਹੈ। ਜੰਮਣ ਤੋਂ ਮਰਨ ਤਕ ਵਖਰੀ ਮਰਯਾਦਾ ਦ੍ਰਿੜ੍ਹਾਈ ਹੋਈ ਹੈ । ਅੰਮ੍ਰਿਤ ਦੀ ਦਾਤਿ ਬਖ਼ਸ਼ ਕੇ ਪੰਜ-ਕੱਕਾਰੀ ਰਹਿਤ ਰਖਣ ਦਾ ਕਰੜਾ ਹੁਕਮ ਜਾਰੀ ਕੀਤਾ ਹੋਇਆ ਹੈ। ਸ਼ਹੀਦ ਹੋਣ ਲਈ, ਪਹਿਲਾਂ ਆਪਾ ਤੇ ਆਪਣਾ ਪਰਵਾਰ ਵਾਰ ਕੇ ਕੌਮ ਨੂੰ ਸ਼ਹੀਦ ਹੋਣ ਦਾ ਸਬਰ ਸਿਖਾਇਆ ਗਿਆ ਹੈ। ਉਪਰੰਤ–

"ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮਹਿ ਹਉ ਕਰਉ ਨਿਵਾਸ ॥"

ਆਖ ਕੇ ਨਿਵਾਜਿਆ ਹੈ । ਨਾਲ ਹੀ ਚਿਤਾਵਨੀ ਦਿਤੀ ਹੈ–

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈ ਸਾਰਾ ॥
ਜਬ ਇਹ ਗਹੇ ਬਿਪਰਨ ਕੀ ਰੀਤ ॥
ਮੈ ਨਾ ਕਰਉਂ ਇਨ ਕੀ ਪ੍ਰਤੀਤ ॥

ਇਸ ਲਈ ਕੌਮ ਨੂੰ ਜਾਗਦਿਆਂ ਰਖਣ ਲਈ ਸਿੰਘ ਸ਼ਹੀਦੀਆਂ ਪਾਉਂਦੇ ਰਹਿਣਗੇ, ਪਰ ਜਦੋਂ ਜ਼ੁਲਮ ਦੀ ਅਤਿ ਹੋ ਜਾਏ, ਖ਼ਾਲਸਾ ਪੰਥ ਦੁਸ਼ਟਾਂ ਦੋਖੀਆਂ ਨੂੰ ਸੋਧਣਾ ਭੀ ਜਾਣਦਾ ਹੈ । ਕੌਮ ਚੜ੍ਹਦੀਆਂ ਕਲਾ ਵਿਚ ਜਾਵੇਗੀ।



www.AKJ.Org

# ਹਨੇਰ ਸਾਈਂ ਦਾ !

[ਭਾਈ ਸਾਹਿਬ ਰਾਮ ਸਿੰਘ ਜੀ, ਸੁਕੈਂਡਰਨ ਲੀਡਰ (ਰੀ:), ਅੰਮ੍ਰਿਤਸਰ]

ਪਹਿਲੋਂ ਭੀ ਇਹ ਕਾਫੀ ਸਮਝਾਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰੂ ਆਸ਼ੇ ਅਨੁਸਾਰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ (ਜੁੜਤ ਸ਼ਬਦਾਂ ਵਾਲਾ) ਸਰੂਪ ਹੀ ਠੀਕ, ਦਰੁਸਤ ਅਤੇ ਅਕਾਲ ਪੁਰਖ ਵੱਲੋਂ ਧੁਰ-ਧੁਰੰਦਰੀ ਗਿਣਿਆ ਮਿਥਿਆ ਸਰੂਪ ਹੈ । ਗੁਰੂ ਸਾਹਿਬ ਜੀ ਦਾ ਪਦ-ਛੇਦ ਸਰੂਪ ਚਾਤੁਰ ਮਨਮਤੀਆਂ ਦੀ ਸੋਚਣੀ ਦਾ ਸਿੱਟਾ ਹੈ । ਇਹ ਮਜ਼ਮੂਨ ਲਤੀਫ਼ (ਬਾਰੀਕ) ਹੈ । ਜੇਕਰ ਹੁਣ ਤੱਕ ਕੀਤੇ ਗਏ ਉਪਰਾਲੇ ਦੇ ਬਾਵਜੂਦ ਭੀ ਇਹ ਘੁੰਡੀ ਕੁਝ ਕੁ ਸੱਜਣਾਂ ਦੀ ਸਮਝ ਵਿਚ ਨਾ ਆ ਸੱਕੀ ਹੋਵੇ ਤਾਂ ਉਨ੍ਹਾਂ ਦੀ ਸਹਾਇਤਾ ਵਾਸਤੇ ਇਕ ਹੋਰ ਉਪਰਾਲਾ ਕੀਤਾ ਜਾਂਦਾ ਹੈ ।

ਗੁਰਬਾਣੀ ਦੇ ਲੜੀਦਾਰ ਸਰੂਪ ਤੋਂ ਪਾਠ ਕਰਨ ਵਾਲੇ ਪਰੇਮੀ, ਜਿਹੜੇ ਕਈ ਕਠਨ ਸ਼ਬਦਾਂ ਦੇ ਸੁਧ ਨਿਖੇੜ ਬਾਰੇ ਆਪਸ ਵਿਚ ਸਹਿਮਤੀ ਨਹੀਂ ਰੱਖਦੇ, ਗੁਰਬਾਣੀ ਦੇ ਗਲਤ ਉਚਾਰਨ ਨੂੰ ਇੱਕ ਦੂਜੇ ਦਾ ਹੀ ਕਸੂਰ ਦੱਸਿਆ ਕਰਦੇ ਹਨ । ਕੋਈ ਕਹਿੰਦਾ ਹੈ ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਟੀਕੇ ਮੁਤਾਬਿਕ ਸ਼ਬਦ-ਨਿਖੇੜ ਠੀਕ ਹੈ, ਕੋਈ ਕਹਿੰਦਾ ਹੈ ਭਾਈ ਕਾਹਨ ਸਿੰਘ ਜੀ ਦੇ ਕੋਸ਼ ਮੁਤਾਬਿਕ ਸ਼ਬਦ-ਨਿਖੇੜ ਠੀਕ ਹੈ, ਕੋਈ ਭਾ: ਸਾ: ਭਾਈ ਰਣਧੀਰ ਸਿੰਘ ਜੀ ਵੱਲੋਂ ਦਿੱਤੀ ਅਗਵਾਈ ਨੂੰ ਠੀਕ ਸਮਝਦਾ ਹੈ, ਕੋਈ ਕਿਸੇ ਟਕਸਾਲ ਨੂੰ ਅਤੇ ਕੋਈ ਕਿਸੇ ਟਕਸਾਲ ਨੂੰ ਠੀਕ ਮੰਨਦਾ ਹੈ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਕੋਈ ਮਨੁੱਖ ਵੀ ਉਂਗਲ ਕਰਨ ਦੀ ਜੁਰੱਅਤ ਨਹੀਂ ਕਰਦਾ ਕਿ ਇਹ ਗਲਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਨ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ "ਸਮੂੰਹ ਗੁਰਬਾਣੀ" ਜੁੜਤ ਸ਼ਬਦਾਂ ਵਿੱਚ ਦਰਜ ਹੈ । ਲੜੀਦਾਰ ਸਰੂਪ ਤੋਂ ਠੀਕ ਗ਼ਲਤ ਉਚਾਰਨ ਕਰਨਾ ਪਾਠੀ ਜਨਾਂ ਦਾ ਆਪਣਾ ਹੀ ਕਰਤੱਵ ਹੈ । ਲੜੀਦਾਰ ਸਰੂਪ ਹੋਣ ਦੇ ਕਾਰਨ ਗੁਰੂ ਸਾਹਿਬ ਜੀ ਪਦ-ਛੇਦੀ-ਗ਼ਲਤੀਆਂ ਤੋਂ ਮੁਕਤ ਹਨ (ਗਲਤੀ-ਰਹਿਤ ਹਨ) । ਗੁਰੂ ਪੂਰਾ ਹੈ ਅਤੇ ਅਭੂਲਾ ਹੈ । ਅਸੀਂ ਅਧੂਰੇ ਹਾਂ ਅਤ ਸਦਾ ਹੀ ਭੁਲਣਹਾਰ ਹਾਂ ।

ਹੁਣ ਆਪਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ ਛੇਦ ਸਰੂਪ ਵੱਲ ਧਿਆਨ ਲਿਆਈਏ । ਕਈ ਪਦ-ਛੇਦ ਸਰੂਪ ਬਾਜ਼ਾਰੀ ਵਾਪਾਰੀਆਂ ਨੇ ਪਰਿੰਟ ਕਰਾਏ ਹਨ ਅਤੇ ਕਈ ਸ਼ਰੋਮਣੀ ਕਮੇਟੀ ਨੇ । ਇਨ੍ਹਾਂ ਵਿੱਚ ਕਈ ਪਦ-ਛੇਦੀ ਫ਼ਰਕ ਹਨ । ਇਨ੍ਹਾਂ ਸਰੂਪਾਂ ਵਿੱਚੋਂ ਕੋਈ ਭੀ ਇੱਕ ਸਰੂਪ ਸਮੂੰਹ ਟੀਕਾਕਾਰਾਂ ਦੀ ਤਸੱਲੀ ਨਹੀਂ ਕਰ ਸਕਦਾ । ਸ਼ਬਦਾਂ ਦੇ ਨਿਖੇੜ ਬਾਰੇ ਜਿਸ ਜਿਸ ਟੀਕਾਕਾਰ ਵੱਲੋਂ ਦਿੱਤੀ ਗਈ ਵਿਆਖਿਆ ਦਾ ਕੋਈ ਕਾਇਲ ਹੈ, ਉਹ ਉਸ ਉਸ ਟੀਕਾਕਾਰ ਨੂੰ ਦ੍ਰਿੜ੍ਹ ਵਿਸ਼ਵਾਸ ਨਾਲ ਠੀਕ ਸਮਝਦਾ ਹੈ ਅਤੇ ਬਾਕੀ ਦੇ ਟੀਕਾਕਾਰਾਂ ਦੀ ਦਲੀਲ ਨੂੰ ਗ਼ਲਤ ਸਮਝਦਾ ਹੈ । ਇਸ ਲਈ ਇਨ੍ਹਾਂ ਸਮੂਹ ਪਾਠੀਆਂ ਨੂੰ ਪਦ-ਛੇਦ ਸਰੂਪਾਂ ਵਿੱਚ ਕਈ ਕਈ ਗ਼ਲਤੀਆ ਪਰਿੰਟ ਹੋਈਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵੱਲ ਉਂਗਲਾਂ ਕਰ ਕੇ ਇਹ ਲੋਕ ਆਪਣੀ ਰਾਇ ਨੂੰ ਦਰੁਸਤ ਮਿਥਦੇ ਹਨ । ਇਸ ਤਰ੍ਹਾਂ ਗੁਰਬਾਣੀ ਦੇ ਗ਼ਲਤ ਉਚਾਰਨ ਦੀ ਜ਼ਿਮੇਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰ ਹੀ ਥੱਪੀ ਜਾਂਦੀ ਹੈ । ਵੰਨਗੀ ਮਾਤਰ ਕੁਝ ਕੁ ਗ਼ਲਤੀਆਂ ਇਸ ਪਰਕਾਰ ਹਨ:–

੧. ਇੱਕ ਟੀਕਾਕਾਰ ਕਹਿੰਦਾ ਹੈ, "ਏਤੇ ਕੂਕਰ ਹਉ ਬੇਗਾਨਾ" ਪਾਠ ਠੀਕ ਹੈ ।
ਦੂਜਾ ਕਹਿੰਦਾ ਹੈ, "ਏਤੇ ਕੂਕ ਰਹਉ ਬੇਗਾਨਾ" ਪਾਠ ਦਰੁਸਤ ਹੈ ।
੨. ਇੱਕ ਕਹਿੰਦਾ ਹੈ, "ਦਰ ਸਰੀਤਾ" ਸ਼ਬਦ-ਨਿਖੇੜ ਠੀਕ ਹੈ ।
ਦੂਜਾ ਕਹਿੰਦਾ ਹੈ, "ਦਰਸ ਰੀਤਾ" ਨਿਖੇੜ ਠੀਕ ਹੈ ।
੩. ਕੋਈ "ਪੰਚਾਹ ਰੁਨ ਦਲਿਓ" ਪਾਠ ਠੀਕ ਸਮਝਦਾ ਹੈ ।
ਕੋਈ "ਪੰਚਾ ਹਰੁਨ ਦਲਿਓ" ਨੂੰ ਠੀਕ ਸਮਝਦਾ ਹੈ ।



www.AKJ.Org

੪. ਕੋਈ "ਸਤਿਗੁਰ ਪ੍ਰਸਾਦਿ" ਨਿਖੇੜ ਨੂੰ ਠੀਕ ਕਹਿੰਦਾ ਹੈ।
ਕੋਈ "ਸਤਿ ਗੁਰਪ੍ਰਸਾਦਿ" ਨਿਖੇੜ ਨੂੰ ਠੀਕ ਕਹਿੰਦਾ ਹੈ।
ਇਤਿ ਆਦਿ ਵੱਖ ਵੱਖ ਰਾਇਆਂ ਹਨ।

ਇਸ ਪ੍ਰਕਾਰ ਹੋਰ ਅਨੇਕਾਂ ਸ਼ਬਦ ਹਨ, ਜਿਨ੍ਹਾਂ ਦੇ ਸ਼ੁਧ ਨਿਖੇੜ ਬਾਰੇ ਗੁਣਵਾਨ ਵਿਅਕਤੀਆਂ ਵਿੱਚ ਇੱਕ ਰਾਏ ਨਹੀਂ ਹੈ। ਇਕ ਪਦ-ਛੇਦ ਸਰੂਪ ਕਿਹੜੇ ਕਿਹੜੇ ਟੀਕਾਕਾਰ ਦੀ ਤਸੱਲੀ ਕਰਾਏਗਾ ? ਸਭਨਾਂ ਦੀ ਤਸੱਲੀ ਕਰਾਉਣੀ ਤਾਂ ਇਕ ਪਦ-ਛੇਦ ਸਰੂਪ ਲਈ ਅਸੰਭਵ ਹੈ। ਜਿਸ ਟੀਕਾਕਾਰ ਦੀ ਤਸੱਲੀ ਨਾ ਹੋਈ, ਓਹੋ ਹੀ ਪਦ-ਛੇਦ ਗ਼ਲਤੀਆਂ ਉੱਤੇ ਨੱਕ ਚੜ੍ਹਾਏਗਾ। ਤਾਂ ਫਿਰ ਪਦ-ਛੇਦ ਸਰੂਪ ਦਾ ਸਤਿਕਾਰ ਕਿੱਥੇ ਰਹਿਆ ?

ਹਨੇਰ ਸਾਈਂ ਦਾ ! ਗੁਰੂ ਗ਼ਲਤ ਅਤੇ ਅਸੀਂ ਠੀਕ ! ਅਫ਼ਸੋਸ ਸਦ ਅਫ਼ਸੋਸ ! ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ, ਇਕ ਕਿਸਮ ਦਾ, ਗੁਰੂ ਸਾਹਿਬ ਜੀ ਦੇ ਮੂੰਹ ਵਿੱਚ, ਗੁਰਬਾਣੀ ਦੇ ਗ਼ਲਤ ਉਚਾਰਨ ਨੂੰ ਪਾ ਦਿੱਤਾ ਗਿਆ ਹੈ। ਹੈਫ਼ ! ਇਹ ਸਭ ਨੂੰ ਯਾਦ ਰਹੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਲੜੀਦਾਰ ਸਰੂਪ ਨੂੰ ਮੱਥਾ ਟੇਕ ਕੇ ਗੁਰ-ਗੱਦੀ ਬਖਸ਼ੀ ਸੀ। ਇਸ ਲਈ ਲੜੀਦਾਰ ਸਰੂਪ ਹੀ ਗੁਰ-ਗੱਦੀ ਦੇ ਮਾਲਕ ਹਨ ਅਤੇ ਸਮੂਹ ਪੰਥ ਵੱਲੋਂ ਪੂਰਨ ਸਤਿਕਾਰ ਦੇ ਯੋਗ ਹੱਕਦਾਰ ਹਨ। ਲੜੀਦਾਰ ਸਰੂਪ ਹੀ ਇਕ ਅਜਿਹਾ ਸਰੂਪ ਹੈ ਜੋ ਗੁਰਬਾਣੀ ਦੀ ਸੰਪੂਰਨਤਾ ਅਤੇ ਸਹੀ ਹੋਣ ਦਾ ਸਾਖੀ ਹੈ ਅਤੇ ਪਦ-ਛੇਦੀ ਗ਼ਲਤੀਆਂ ਤੋਂ ਮੁਕਤ ਹੈ। "ਹਮਭੂਲਹਤੂਸਦਾਅਭੂਲਾ..." ਵਾਲਾ ਗੁਰ-ਫ਼ੁਰਮਾਨ ਕੇਵਲ ਲੜੀਦਾਰ ਸਰੂਪ ਤੇ ਹੀ ਢੁੱਕਦਾ ਹੈ, ਪਦ-ਛੇਦ ਸਰੂਪ ਤੇ ਨਹੀਂ। ਵੈਸੇ ਗੁਰਬਾਣੀ ਦਾ ਸਤਿਕਾਰ ਤਾਂ ਹਰ ਹਾਲਤ ਵਿਚ ਅਸਾਂ ਵਧ ਤੋਂ ਵਧ ਕਰਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸ਼ਬਦ-ਨਿਖੇੜ-ਗ਼ਲਤੀਆਂ, ਗੁਰਬਾਣੀ ਨੂੰ ਪਦ-ਛੇਦ ਕਰਨ ਨਾਲ ਹੀ, ਉਤਪੰਨ ਹੋਈਆਂ ਹਨ। ਇਨ੍ਹਾਂ ਗ਼ਲਤੀਆਂ ਦੇ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਹਿਸ ਮੁਬਹਿਸੇ ਦਾ ਵਿਸ਼ਾ ਬਣਾ ਦਿਤਾ ਗਿਆ ਹੈ, ਜਿਸ ਦਾ ਦੋਸ਼ ਅਥਵਾ ਪੂਰੀ ਜ਼ਿਮੇਵਾਰੀ ਗੁਰਬਾਣੀ ਨੂੰ ਪਦ-ਛੇਦ ਕਰਨ ਵਾਲਿਆਂ ਸੱਜਣਾਂ ਦੀ ਹੈ, ਜੋ ਕਿ ਨਾ-ਕਾਬਲੇ ਮੁਆਫ਼ੀ ਹੈ। ਪਦ-ਛੇਦ ਸਰੂਪ ਦਾ ਪਰਚਾਰ ਕਰਨਾ, ਅਥਵਾ ਇਸ ਦੀ ਹਾਮੀ ਭਰਨਾ ਭੀ ਸਾਨੂੰ ਇਸ ਦੋਸ਼ ਤੋਂ ਬਰੀ ਨਹੀਂ ਹੋਣ ਦਿੰਦਾ।

ਇਸ ਲਈ ਸਮੂਹ ਗੁਰ-ਅਸਥਾਨਾਂ, ਧਰਮਸਾਲਾਂ ਅਤੇ ਘਰਾਂ ਅੰਦਰ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦਾ ਪ੍ਰਕਾਸ਼ ਹੋਣਾ ਉਚਿੱਤ, ਵਾਜਬ ਅਤੇ ਸਹੀ ਹੈ। ਕੇਵਲ ਇਸ ਤਰ੍ਹਾਂ ਕਰਨ ਨਾਲ ਹੀ ਗੁਰਬਾਣੀ-ਗ਼ਲਤ-ਉਚਾਰਨ ਦਾ ਦੋਸ਼, ਗੁਰੂ ਸਾਹਿਬ ਜੀ ਦੇ ਸਿਰ ਤੋਂ ਹਟਾ ਕੇ ਮੁੜ ਪਾਠੀ ਸੱਜਣਾਂ ਦੇ ਸਿਰ ਥੱਪਿਆ ਜਾ ਸਕਦਾ ਹੈ। ਫਿਰ ਦੋਸ਼ ਹੈਂ ਭੀ ਪਾਠੀ ਜਨਾਂ ਦਾ ਹੀ। ਗੁਰੂ ਸਾਹਿਬ ਜੀ ਦਾ ਨਹੀਂ ਹੈ। ਗੁਰੂ ਸਾਹਿਬ ਜੀ ਦੇ ਸਿਰ ਤਾਂ ਇਹ ਬਦੋ ਬਦੀ ਮੜ੍ਹਿਆ ਗਿਆ ਹੈ। ਅਤੇ ਮੜ੍ਹਿਆ ਪਦ-ਛੇਦੀ ਪਰੇਮੀਆਂ ਨੇ ਹੈ।

ਪੰਥ ਦੇ ਸਮੂਹ ਜ਼ਿਮੇਵਾਰ ਵਿਅਕਤੀਆਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪਣਾ ਅੱਗਾ ਸਵਾਰਨ ਲਈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਨੂੰ ਮੁੜ ਬਹਾਲ ਕਰਨ ਦਾ ਪੂਰਨ ਉਪਰਾਲਾ ਕਰਨ ਅਤੇ ਇਨ੍ਹਾਂ ਸਰੂਪਾਂ ਨੂੰ ਅਜਾਈਂ ਹੀ ਨਾ ਅਗਨੀ-ਭੇਟ ਕਰਦੇ ਤੁਰੇ ਜਾਣ।

ਗ਼ਲਤ ਜ਼ਿਦ ਉੱਤੇ ਅੜੀ ਜਾਣਾ ਸ਼ੋਭਦਾ ਨਹੀਂ। ਸਹੀ ਸ਼ਬਦ-ਨਿਖੇੜ ਸਤਿਗੁਰੂ ਆਪ ਹੀ ਜਾਣਦੇ ਹਨ ਜਾਂ ਉਹ ਜਾਨਣਗੇ ਜਿਨ੍ਹਾਂ ਉੱਤੇ ਗੁਰੂ ਸਾਹਿਬ ਜੀ ਪੂਰਨ ਬਖ਼ਸ਼ਸ਼ ਕਰਨਗੇ। ਅਸੀਂ ਅਲਪੱਗ ਜੀਵ ਛਾਤੀ ਤੇ ਹੱਥ ਰੱਖ ਕੇ ਦਾਅਵੇ ਨਾਲ ਨਹੀਂ ਕਹਿ ਸਕਦੇ ਕਿ ਫਲਾਣਾ ਫਲਾਣਾ ਸ਼ਬਦ-ਨਿਖੇੜ ਬਿਲਕੁਲ ਠੀਕ ਹੈ। ਹਾਂ, ਆਪਣੀ ਆਪਣੀ ਬੁੱਧੀ ਅਨੁਸਾਰ ਅਨੁਮਾਨ ਲਗਾ ਸਕਦੇ ਹਾਂ।

ਸ਼ੁਧ ਪਾਠ ਕਰਨ ਕਰਾਉਣ ਦੇ ਵਾਜਬ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਦਾਸ ਵਾਧ ਘਾਟ ਵੱਲੋਂ ਸੰਗਤਾਂ ਪਾਸੋਂ ਖਿਮਾ ਦਾ ਜਾਚਕ ਹੈ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।



www.AKJ.Org

# ਸ: ਸ਼ਾਮ ਸਿੰਘ ਅਟਾਰੀ ਦੀ ਵਾਰ

[ਵਲੋਂ—ਸਰਦਾਰ ਗੁਰਦੇਵ ਸਿੰਘ ਜੀ 'ਮਾਨ']

ਜਦੋਂ ਆ ਗਏ ਸ਼ੇਰ ਪੰਜਾਬ ਨੂੰ, ਧੁਰ ਦੇ ਪਰਵਾਨੇ।
ਜਦੋਂ ਸੁੰਞੇ ਛਡ ਗਿਆ ਸ਼ਹਿਨਸ਼ਾਹ, ਕੁੱਲ ਮਾਲ ਖ਼ਜ਼ਾਨੇ।
ਤਾਂ ਇਕ-ਦਮ ਅੱਖਾਂ ਫੇਰ ਗਏ, ਉਹਦੇ ਯਾਰ ਧਿਆਨੇ।
ਉਹਨਾਂ ਮੌਤ ਨਚਾਈ ਰੱਜ ਕੇ, ਵਿੱਚ ਰਾਜ ਘਰਾਨੇ।
ਉਹਨਾਂ ਛੱਜੇ ਸੁੱਟੇ ਕੌਰ ਤੇ, ਬੰਨ੍ਹ ਠੀਕ ਨਿਸ਼ਾਨੇ।
ਆ ਖ਼ਬਰ ਹੋਈ ਅੰਗਰੇਜ਼ ਨੂੰ, ਵਿੱਚ ਹਿੰਦੁਸਤਾਨੇ।
ਉਹਨਾਂ ਸੁੱਟ ਵਗਾਹੇ ਪਲਾਂ ਵਿਚ, ਕੁੱਲ ਨੇਮ ਯਰਾਨੇ।
ਉਹਨਾਂ ਭੁੱਖੀ ਅੱਖੀਂ ਤਕਿਆ, ਵਲ ਬਾਰ ਖ਼ਜ਼ਾਨੇ।
ਜਿੱਥੇ ਹਥਣੀਆਂ ਵਰਗੀਆਂ ਮੱਝੀਆਂ, ਦੁੱਧ ਭਰੇ ਹਵਾਨੇ।
ਉਹਨਾਂ ਨਾਲ ਗ਼ਦਾਰਾਂ ਗਿਣ ਲਈ, ਗੱਲ ਅੰਦਰਖ਼ਾਨੇ।
ਉਹਨਾਂ ਡੋਗਰਿਆਂ ਨੂੰ ਕਰ ਲਏ, ਦੇਣੇ ਇਵਜ਼ਾਨੇ:
"ਤੁਸੀਂ ਬਹਿਣ ਪੰਜਾਬੀ ਦਿਓ ਨਾ, ਵਿੱਚ ਅਮਨ ਅਮਾਨੇ।
"ਅਸੀਂ ਆਪੇ ਬਾਹਰੋਂ ਕਰਾਂਗੇ, ਕੁਲ ਸਾਜ ਸਮਾਨੇ"।
ਉਹਨਾਂ ਥਾਂ ਥਾਂ ਛੇੜਾਂ ਛੇੜੀਆਂ, ਲੈ ਲੈ ਬਹਾਨੇ।
ਉਹਨਾਂ ਆਕੀ ਕੀਤੇ ਚੁੱਕ ਕੇ, ਕਾਹੀਆਂ ਤੇ ਕਾਨੇ।

ਇਉਂ ਡੋਗਰੇ ਨਿਮਕ ਹਰਾਮੀਆਂ, ਰਲ ਕੀਤਾ ਕਾਰਾ।
ਤੜਫਾਇਆ ਬੁਰਛੇ-ਗਰਦੀਆਂ, ਪੰਜਾਬ ਵਿਚਾਰਾ।
ਖਹਿ ਬਾਂਸਾਂ ਅੱਗਾਂ ਲਾਈਆਂ, ਬਣ ਜਲਿਆ ਸਾਰਾ।
ਪਰਬਤ ਭਿੜ ਪਏ ਪਰਬਤੀਂ, ਹੋਏ ਮਿੱਟੀ ਗਾਰਾ।
ਕੋਈ ਕੌਰ ਨਾ ਜੀਂਦਾ ਰਹਿ ਗਿਆ, ਨਾ ਗੱਭਰੂ ਭਾਰਾ।
ਕੁਝ ਸਿੰਘਾਂ ਅੱਖਾਂ ਖੋਹਲੀਆਂ : "ਹੁਣ ਆਖ਼ਰਕਾਰਾ।
'ਸਾਨੂੰ ਆਪੋ ਵਿਚ ਲੜਾ ਗਿਆ, ਕੋਈ ਦੋਖੀ ਭਾਰਾ।
"ਅਸੀਂ ਭਾਈਆਂ ਦੇ ਸਿਰ ਘੱਤਿਆ, ਖੰਡਾ ਦੋ-ਧਾਰਾ।
"ਪਰ ਗੋਰੇ ਬੈਠ ਫ਼ੀਰੋਜ਼ਪੁਰ, ਰਹੇ ਵੇਖ ਨਜ਼ਾਰਾ।
"ਉਥੇ ਲਸ਼ਕਰ ਹੁਕਮ ਉਡੀਕਦੇ, ਹੋਏ ਲਾਲ ਅੰਗਾਰਾ।
"ਉਥੇ ਪਏ ਦਮਾਮੇ ਬਿਫਰੇ, ਰਿਹਾ ਪਾਟ ਨਗਾਰਾ।
"ਉਹਨਾਂ ਤੋਪਾਂ ਨਿਠ ਕੇ ਲੱਦਿਆ, ਊਠਾਂ ਦਾ ਲਾਰਾ।
"ਇੱਲ ਵਾਂਗ ਝਰਾਟੀ ਮਾਰਨੀ, ਉਹਨਾਂ ਇਕੋ ਵਾਰਾ।
"ਉਹਨਾਂ ਮਹਿਲ ਮਾੜੀ ਨਹੀਂ ਛੱਡਣੀ, ਨਾ ਝੁੱਗੀ ਢਾਰਾ।
"ਆਜ਼ਾਦੀ ਗਈ ਪੰਜਾਬ ਦੀ, ਓਏ ਕੋਈ ਲਓ ਸਾਰਾ!"

ਸਿੰਘ 'ਕੱਠੇ ਹੋਏ ਲਹੌਰ ਵਿੱਚ, ਦਿਲ ਕਹਿਰੀ ਮੱਚੇ।
ਆਏ ਦੀਨਾ ਨਾਥ ਦੇ ਮੂੰਹ ਸਨ, ਝੱਗਾਂ ਦੇ ਗੱਚੇ।
ਅਰਜਨ ਸਿੰਘ ਜਵੰਦ ਸਿੰਘ, ਢਾਲੇ ਵਿਚ ਸੱਚੇ।
ਉਹ ਪੁੱਤਰ ਨਲੂਏ ਸ਼ੇਰ ਦੇ, ਬਣ ਭਾਂਬੜ ਨੱਚੇ।
ਉਹਨਾਂ ਮੁੱਛਾਂ ਦੇ ਵਿਚ ਸ਼ੂਕਦੇ, ਨਾਗਾਂ ਦੇ ਬੱਚੇ:
"ਇਹ ਗੋਰੇ ਆਦੀ ਝਾਗੜੂ, ਖੱਚਾਂ ਦੇ ਖੱਚੇ।
"ਇਹ ਉਲਝੇ ਨਾਲ ਮਰਹੱਟਿਆਂ, ਥਾ ਥਾਂ ਪਿਲੱਚੇ।
"ਕਿਸਮਤ ਨਾਲ ਇਹ ਅਸਾਂ ਤੋਂ, ਹੁਣ ਤੀਕਣ ਬੱਚੇ।
"ਅਸੀਂ ਤੇਗੀਂ ਧਰ ਕੇ ਪਿੰਜਣੇ, ਇਹ ਗੋਹੜੇ ਕੱਚੇ।"

ਸ਼ਾਮ ਸਿੰਘ ਸਰਦਾਰ ਸੀ, ਮਿਲਖਾਂ ਦਾ ਵਾਲੀ।
ਵਾਰੀ ਸਿਰ ਉਸ ਉਠ ਕੇ, ਹਿੱਕ ਫੋਲ ਵਿਖਾਲੀ:
ਨਾ ਕੀਤੀ ਗੱਲ ਲਪੇਟਵੀਂ, ਨਾ ਪਰਦੇ ਵਾਲੀ।
'ਮੈਨੂੰ ਸਮਝੋ ਸੇਵਕ ਪੰਥ ਦਾ, ਯਾ ਗੋਰੇ ਪਾਲੀ।
"ਯਾ ਡਰੂ ਸਮਝ ਲਓ ਸਜਣੋ, ਹਿੰਮਤ ਤੋਂ ਖ਼ਾਲੀ।
"ਪਰ ਗਲ ਮੈਂ ਸੱਚੀ ਆਖਣੀ, ਜੋ ਸੇਰ ਏ ਚਾਲੀ।
"ਅਸੀਂ ਖੰਡੇ ਫਾਲੇ ਕਰਾਂਗੇ, ਤੇ ਯੋਧੇ ਹਾਲੀ।
"ਪੁਟ ਏਸ ਬਰੂ ਨੂੰ ਜੜ੍ਹਾਂ ਤੋਂ, ਭੋਂ ਕਰਨੀ ਖ਼ਾਲੀ।
"ਪਰ ਨਾਲ ਫ਼ਰੰਗੀ ਲੜਨ ਦਾ, ਨਹੀਂ ਵੇਲਾ ਹਾਲੀ।
"ਏਥੇ ਬੁਰਛੇ-ਗਰਦੀਆਂ ਦੇਸ ਵਿੱਚ, ਅੱਗ ਥਾਂ ਥਾਂ ਬਾਲੀ।
"ਕਈ ਕੌਰ ਅਹੂਤੀ ਲੈ ਗਈ, ਇਹ ਲਾਟਾਂ ਵਾਲੀ।
"ਜੇ ਪਹਿਲੋਂ ਘਰ ਦੀ ਅੱਗ ਨਾ, ਹੁਣ ਲਈ ਸੰਭਾਲੀ।
"ਸਾਨੂੰ ਗੋਰੇ ਅੱਗੇ ਲੌਣਗੇ, ਰਖ ਧੌਣ ਪੰਜਾਲੀ।
"ਸਾਥੋਂ ਹਿੰਮਤ ਜਾਣੀ ਤੇਗ ਦੀ, ਨਹੀਂ ਫੇਰ ਵਿਖਾਲੀ।
"ਜੇ ਚੰਗੀ ਕਰਦੇ ਓ ਖ਼ਾਲਸਾ! ਤੁਸੀਂ ਲੜੋ ਨਾ ਹਾਲੀ!"

ਬੜੀ ਸ਼ਾਮ ਸਿੰਘ ਦੇ ਬਚਨ ਤੇ, ਆ ਲੈ ਦੇ ਹੋਈ।
ਘੋਰ-ਮਸੋਰੇ ਆਖਦੇ, ਦੂਜੇ ਨੂੰ ਕੋਈ:
"ਇਸ ਕੀਤੀ ਹੈ ਮਹਾਰਾਜ ਨਾਲ, ਬੜੀ ਮਿਤਰ-ਧਰੋਈ।
"ਉਹਦੀ ਵਿਧਵਾ ਨਾਰ ਨੂੰ ਏਸ ਨੇ, ਨਹੀਂ ਦਿੱਤੀ ਢੋਈ।
"ਉਹ ਪਿੱਟ ਪਿੱਟ ਕਮਲੀ ਹੋ ਗਈ, ਹੋ ਫਾਵੀ ਰੋਈ।"
ਪਏ ਭੜਕ ਜੁਸ਼ੀਲੇ ਗੱਭਰੂ, ਰੱਤ ਗੱਲ੍ਹੀਂ ਚੋਈ:



www.AKJ.Org

''ਅਸੀਂ ਲੈਣੀ ਖੋਹ ਅੰਗਰੇਜ਼ ਤੋਂ, ਕੁਲ ਅਜ਼ਮਤ ਖੋਈ।
''ਅਸੀਂ ਕੱਢ ਮਾਰਨੀ ਪਲਾਂ ਵਿੱਚ, ਜੇ ਹਿੰਮਤ ਹੋਈ।
''ਜਿਹੜੀ ਵਿਚ ਪਤੀਲੇ ਹਿੰਦ ਦੇ, ਯੋਰਪ ਦੀ ਡੋਈ।''
ਪਰ ਕਿਸੇ ਕਿਨਾਰੇ ਪੁੱਜ ਕੇ, ਨਾ ਬਾਤ ਖੜੋਈ।
ਨਾ ਕੋਈ ਹੋਇਆ ਫੈਸਲਾ, ਨਾ ਗੱਲ ਨਰੋਈ।

ਏਦਾਂ ਗੜ ਬੜ ਵਿਚ ਹੀ, ਕੁਝ ਸਮੇਂ ਵਿਹਾਏ।
ਪਹੁ ਫੁੱਟੀ ਨੀਲੇ ਅੰਬਰੀਂ, ਲਾਲੀ ਸ਼ਰਮਾਏ।
ਜਾ ਲੱਗੇ ਸਰੂ ਆਕਾਸ਼ ਨੂੰ, ਧਰਤੀ ਦੇ ਜਾਏ।
ਪੱਛਮ ਦੇ ਵਲ ਦੌੜ ਪਏ, ਰੁੱਖਾਂ ਦੇ ਸਾਏ।
ਟਹਿਲ ਰਿਹਾ ਸਰਦਾਰ ਸੀ, ਪਰ ਸਹਿਜ ਸੁਭਾਏ।
ਸੁੰਮਾਂ ਦੀ ਆਵਾਜ਼ ਨੇ ਦਿੱਤਾ ਚੌਂਕਾਏ।
ਡਿੱਠੇ ਘੋੜ-ਅਸਵਾਰ ਦੋ, ਕਾਹਲੇ ਘਬਰਾਏ।
ਆਖਣ ਲੱਗਾ ਰੋਕ ਕੇ, ਉਹ ਫ਼ਤਹ ਗਜਾਏ।
''ਉਹ ਦੂਰ ਨੇ ਧੂੜਾ ਕਾਹਦੀਆਂ, ਦੱਸੋ ਸਮਝਾਏ।''
ਕਾਹਲੀ ਕਾਹਲੀ ਸੂਰਮੇ, ਕੁਝ ਦੱਸ ਦਸਾ ਕੇ।
ਘੋੜੇ ਅੱਡੀ ਮਾਰ ਕੇ, ਲੈ ਗਏ ਭਜਾ ਕੇ।
''ਕੱਲ੍ਹ ਕੀਤਾ ਪੰਥ ਨੇ ਫ਼ੈਸਲਾ, ਲਖ ਢੋਲ ਵਜਾ ਕੇ।
''ਅਸੀਂ ਲਾਜ ਪੰਥ ਦੀ ਰੱਖਣੀ, ਸਿਰ ਤਲੀ ਟਿਕਾ ਕੇ।
''ਇਨ੍ਹਾਂ ਪਾਲੇ ਵੇਹਲੇ ਪੁੱਤ ਨੇ, ਸੌ ਮਹੀਂ ਚੁੰਘਾ ਕੇ।
''ਜੋ ਸੱਥਾਂ ਦੇ ਵਿਚ ਬੈਠ ਰਹੇ, ਮੂੰਹ ਤੇਲ ਲਗਾ ਕੇ।
''ਹੁਣ ਭੇਜ ਦਿਓ ਵਿਚ ਜੰਗ ਦੇ, ਹਥ ਤੇਗ਼ ਫੜਾ ਕੇ।
''ਜਿਹੜਾ ਅੱਜ ਵੀ ਬੈਠਾ ਰਹਿ ਗਿਆ, ਘਰ ਜਾਨ ਲੁਕਾ ਕੇ।
''ਉਹ ਤਨਖ਼ਾਹੀਆ ਪੰਥ ਦਾ, ਕਹਿ ਦਿਓ ਸੁਣਾ ਕੇ।''

ਝਬਦੇ ਝਬਦੇ ਸ਼ਾਮ ਸਿੰਘ, ਡਿਓਡੀ ਵਿਚ ਆ ਕੇ।
ਚੀਨੀ ਘੋੜੀ ਕਰ ਲਈ, ਹਾਜ਼ਰ ਮੰਗਵਾ ਕੇ।
ਤਿਆਰ ਹੋਇਆ ਸਰਦਾਰ ਜਾਂ, ਕੁੱਲ ਸ਼ਸਤਰ ਲਾ ਕੇ।
ਟੁਰਨ ਲਗਾ ਸਰਦਾਰਨੀ, ਨੂੰ ਫ਼ਤਹ ਗਜਾ ਕੇ:
ਤਾਂ ਇੰਜ ਬੋਲੀ ਸਰਦਾਰਨੀ, ਗਲ ਪੱਲਾ ਪਾ ਕੇ।

''ਤੁਸੀਂ ਯਾਦ ਹੋਏਗਾ, ਕਿਹਾ ਸੀ ਅੱਗੇ ਇਕ ਵਾਰੀ।
''ਨਾਲ ਫ਼ਰੰਗੀ ਲੜਨ ਨੂੰ, ਇਕ ਗਲਤੀ ਭਾਰੀ।
''ਇਕ-ਦਮ ਕੀਤੀ ਜੰਗ ਦੀ, ਕਿਉਂ ਅਜ ਤਿਆਰੀ ?
''ਕੁਲ ਹਕੀਕਤ ਖੋਹਲ ਕੇ, ਹੁਣ ਦਸੋ ਸਾਰੀ''।

ਕਿਹਾ ਸ਼ਾਮ ਸਿੰਘ ਨੇ, ''ਗੱਲ ਹੈ, ਤੁਸਾਂ ਠੀਕ ਚਿਤਾਰੀ
''ਓਦੋਂ 'ਕੱਠੇ ਕਰ ਕੇ ਪੰਥ ਨੇ, ਦਾਨੇ ਬਲਕਾਰੀ
''ਕਿਹਾ, ਆਪੋ ਆਪਣੀ ਸਮਝ ਦੀ, ਕਰ ਦਿਓ ਇਜ਼ਹਾਰੀ
''ਅਸੀਂ ਲੜੀਏ ਨਾਲ ਫ਼ਰੰਗੀਆਂ, ਲਾ ਸੱਟ ਕਰਾਰੀ
''ਜਾਂ ਝਟ ਲੰਘਾਣ ਲਈ ਕਰ ਲਈਏ, ਗੱਲ ਗਈ ਗੁਜ਼ਾਰੀ
''ਜਿਥੋਂ ਤੀਕਣ ਲਾ ਸਕੀ, ਮੇਰੀ ਸੋਚ ਉਡਾਰੀ
''ਕੂਕ ਕਿਹਾ ਦੀਵਾਨ ਵਿਚ, ਮੈਂ ਉੱਦੀ ਸਾਰੀ
''ਸਾਨੂੰ ਆਪਣੇ ਘਰ ਵਿਚ ਪਏ ਨੇ, ਉਲਝੇਵੇਂ ਭਾਰੀ
''ਸਾਡੀ ਆਪੋ ਵਿਚ ਹੈ ਖੜਕਦੀ, ਅਜੇ ਤੇਗ ਦੁਧਾਰੀ
''ਤਾਪ ਚੜ੍ਹੇ ਮੁੱਲ ਨਾ ਲਈਏ, ਢਿਡ ਪੀੜ ਬਿਮਾਰੀ
''ਮੇਰੀ ਜਾਚੇ ਠੀਕ ਨਹੀਂ, ਜੰਗ ਦੀ ਤਿਆਰੀ

''ਪਰ ਅਜ ਨਗਾਰੇ ਜੰਗ ਦੇ, ਸੱਟ ਪੰਥ ਨੇ ਮਾਰੀ
''ਅੱਜ ਨਹੀਂ ਸਲਾਹਵਾਂ ਪੁੱਛੀਆਂ, ਨਾ ਉਜ਼ਰ ਮਜਾਰੀ
ਪੰਥ ਅਸਾਡਾ ਗੁਰੂ ਹੈ ਸੱਚਾ ਦੇਹਧਾਰੀ
''ਹੁਣ ਜਿੱਤਣ ਹਾਰਨ ਵਿੱਚ ਨਹੀਂ, ਕੋਈ ਜ਼ਿਮੇਵਾਰੀ
''ਲੱਖ ਕੂਕਰ ਮੈਂ ਜਿਹੇ ਸਜਨੀਏ ! ਇਹਦੇ ਦਰਬਾਰੀ
''ਇਹਦੇ ਘੋੜਿਆਂ ਦਾ ਘਾਹ ਖੋਤਦੇ, ਮੈਂ ਜਿਹੇ ਭਿਖਾਰੀ
''ਇਕ ਸ਼ਾਮ ਸਿੰਘ ਦੀ ਗੱਲ ਨਹੀਂ, ਕੁਲ ਪੰਥ ਤੇ ਭਾਰੀ
''ਲੱਖ ਸ਼ਾਮ ਸਿੰਘ ਇਸ ਪੰਥ ਤੋਂ, ਹੋ ਜਾਣ ਨਿਸਾਰੀ
''ਹੁਣ ਖੱਫਣ ਸਿਰ ਤੇ ਬੰਨ੍ਹਿਆ, ਮੈਂ ਜਾਂਦੀ ਵਾਰੀ
''ਜੇ ਮੁੜੇ, ਮੁੜਾਂਗੇ ਜਿੱਤ ਕੇ, ਲੈ ਕੇ ਸਰਦਾਰੀ
''ਲਾ ਦੇਣੀ ਬਾਜ਼ੀ ਜਾਨ ਦੀ, ਜੇ ਬਾਜ਼ੀ ਹਾਰੀ।'

ਆ ਪੁੱਜੀ ਚੀਨੀ ਲਸ਼ਕਰੀਂ, ਸੌ ਚੁੰਗੀਆਂ ਭਰ ਕੇ
ਜੋਸ਼ ਜਵਾਨਾਂ ਚੜ੍ਹ ਗਏ, ਆ ਡੌਲੇ ਫੜਕੇ
ਜਦੋਂ ਫ਼ਤਹ ਗਜਾਈ ਸ਼ਾਮ ਸਿੰਘ, ਸਿਰ ਨੀਵਾਂ ਕਰ ਕੇ
ਸਭਰ੍ਹਾਵੀਂ ਤੇਗਾਂ ਨਿਕਲੀਆਂ, ਆ ਖੰਡੇ ਸਰਕੇ
ਆ ਲਾਲ ਹੋਏ ਅੰਗਰੇਜ਼ ਵੀ, ਮੂਲੋਂ ਨਾ ਯਰਕੇ
''ਅਸੀਂ ਆਏ ਹਿੰਦੁਸਤਾਨ ਵਿਚ, ਕਈ ਸਾਗਰ ਤਰ ਕੇ
''ਅਸੀਂ ਮੱਲੇ ਮੁਲਕ ਨਹੀਂ ਸੱਜਣੋ! ਕੋਈ ਮਿੰਨਤ ਕਰ ਕੇ
''ਅਸੀਂ ਕੌਮਾਂ ਕੁਲ ਨਿਵਾਈਆਂ, ਨੇ ਤੇਗੀਂ ਧਰ ਕੇ
''ਅਸੀਂ ਭੱਜਣ ਵਾਲੇ ਮੂਲ ਨਹੀਂ, ਸਿੰਘਾਂ ਤੋਂ ਡਰ ਕੇ।
''ਏਥੇ ਤੋਪਾਂ ਲੈਣ ਉਬਾਸੀਆਂ, ਮੂੰਹ ਉੱਚੇ ਕਰ ਕੇ।
''ਇਹਨਾਂ ਪੂਰ ਖਪਾਉਣੇ ਕਈ ਜਾਂ, ਖਾਧਾ ਢਿਡ ਭਰ ਕੇ।'


www.AKJ.Org

ਆ ਮੱਚੀ ਅਗਲੀ ਭਲਕ ਨੂੰ, ਗਹਿ-ਗੱਚ ਲੜਾਈ।
ਕੀਤੀ ਆਣ ਰਸਾਲਿਆਂ, ਡਾਢੀ ਕਰੜਾਈ।
ਤੇਗ ਲਿਸ਼ਕਦੀ ਇਸ ਤਰ੍ਹਾਂ ਪਈ ਦਏ ਦਿਖਾਈ।
ਜਿਉਂ ਜੀਭ ਤੜਫਦੀ ਕਾਲ ਦੀ, ਖ਼ੂਨੋਂ ਤਰਿਹਾਈ।
ਓਥੇ ਧੂੰਏਂ ਛਡ ਛਡ ਰਾਤ ਆ, ਤੋਪਾਂ ਨੇ ਪਾਈ।
ਉਥੇ ਮੌਤ ਬਿਨਾਂ ਕੁਝ ਆਪਣਾ, ਨਾ ਦੇਏ ਦਿਖਾਈ।
ਸੀ ਤੇਜਾ ਸਿੰਘ ਦੀ ਗੋਰਿਆਂ, ਸੰਗ ਗੰਢ-ਗੰਢਾਈ।
ਨਸ ਉੱਠਾ ਸਤਲੁਜ ਪਾਰ ਨੂੰ, ਕਰ ਕੇ ਚਤੁਰਾਈ।
ਜਿਵੇਂ ਸ਼ਾਮ ਸਿੰਘ ਸਰਦਾਰ ਨਾਲ (ਸੁਣੋ) ਹੋਈ-ਹਵਾਈ।
ਗਲ ਪਈ ਹੋਈ ਸਰਦਾਰ ਨੇ, ਗੱਲ ਕਿਵੇਂ ਨਿਭਾਈ।

ਜਦੋਂ ਸੁਣਿਆ ਸਿਖ ਸਿਪਾਹੀਆਂ, ਏਹ ਵਰਤਿਆ ਭਾਣਾ।
ਕਈਆਂ ਦੇ ਦਿਲ ਹਿਲ ਗਏ, ਹੋਏ ਬੇ-ਟਿਕਾਣਾ।
ਤਾਂ ਆਖਣ ਲੱਗਾ ਸ਼ਾਮ ਸਿੰਘ, ਹੋ ਬੜਾ ਨਿਮਾਣਾ:
"ਮੈਂ ਸੇਵਕ ਸਾਰੇ ਪੰਥ ਦਾ, ਤੁਸੀਂ ਤਾਣ ਨਿਤਾਣਾ।
"ਜੋ ਹੋਣਾ ਸੀ ਸੋ ਹੋ ਗਿਆ, ਨਾ ਫ਼ਿਕਰ ਵਿਖਾਣਾ।
"ਆਓ ਸਿੰਘਾਂ ਵਾਂਗੂ ਝੱਲੀਏ, ਸਿਰ ਬੀਤਿਆ ਭਾਣਾ।
"ਤੁਸੀਂ ਯਾਦ ਕਰ ਲਵੋ ਆਪਣਾ, ਇਤਿਹਾਸ ਪੁਰਾਣਾ।
"ਤੁਸੀਂ ਸਨਮੁਖ ਹੋ ਕੇ ਜੂਝਿਓ, ਨਾ ਪਿੱਠ ਵਿਖਾਣਾ।
"ਹੁਣ ਕਿਹੜਾ ਮੂੰਹ ਲੈ ਸਜਣੋ ਅੰਮ੍ਰਿਤਸਰ ਜਾਣਾ।

"ਨਿੱਤ ਨਾ ਚੁਕਣੀਆਂ ਮਿਲਣੀਆਂ, ਇਹ ਤੀਰ ਕਮਾਣਾਂ?
"ਨਿੱਤ ਮਾਵਾਂ ਜਣਨ ਨਾ ਸੂਰਮੇ, ਜੂਝਣ ਘਮਸਾਣਾਂ।
"ਅਜ ਰੱਜ ਰੱਜ ਝੰਝਾਂ ਲਾਹ ਲਵੋ, ਜਗ ਫੇਰ ਨਹੀਂ ਆਉਣਾ।"
ਫਿਰ ਆਖਣ ਲੱਗਾ ਸ਼ਾਮ ਸਿੰਘ "ਸੁਣ ਵਹਾਬਾ ਖ਼ਾਨਾ।
"ਜਾ ਕੇ ਅਟਾਰੀ ਅਸਾਂ ਦੀ, ਸੰਦੇਸ਼ ਪੁਚਾਣਾ।
"ਅਸੀਂ ਸੀਸ ਆਪਣੇ ਪੰਥ ਦੇ, ਅੱਜ ਲੇਖੇ ਲਾਣਾ।
"ਕਿਤੇ ਜੀਂਦੇ ਵੇਖ ਨਾ ਅਸਾਂ ਨੂੰ, ਕੁਝ ਧੋਖਾ ਖਾਣਾ।
"ਤੂੰ ਬੇਸ਼ਕ ਕਹਿ ਦਈਂ ਸ਼ਾਮ ਸਿੰਘ, ਕਰ ਗਿਆ ਚਲਾਣਾ।"

ਹੁਣ ਰੱਜ ਰੱਜ ਸਿੰਘਾਂ ਆਖ਼ਰੀ, ਅਰਦਾਸਾਂ ਕਹੀਆਂ।
ਲਾਲੋ ਲਾਲ ਹੋ ਜੋਸ਼ ਵਿਚ, ਫੜ ਤੇਗਾਂ ਲਈਆਂ।
ਉਹ ਧੂ ਧੂ ਖੰਡੇ ਪੈ ਗਏ, ਲੈ ਲੈ ਕੇ ਝਈਆਂ।
ਸੌ ਮੇਮਾਂ ਇਕ ਇਕ ਵਾਰ ਨਾਲ, ਹੋ ਵਿਧਵਾ ਗਈਆਂ।
ਦੇ ਦਿਤੀਆਂ ਜਾਨਾਂ ਗੁਰੂ ਨੂੰ, ਨਾ ਆਪਣੀਆਂ ਰਹੀਆਂ।
ਪਰ ਮਿਟਣ ਨਾ ਧੁਰ ਦੀਆਂ ਮਥਿਓਂ,ਤਕਦੀਰਾਂ ਵਹੀਆਂ।
ਉਸ ਅਗਿਓਂ ਆਉਂਦੀਆਂ ਗੋਲੀਆਂ, ਸੀਨੇ ਵਿਚ ਲਈਆਂ।
ਉਸ ਹਿਕ 'ਚ ਵੱਜੇ ਤੀਰ ਨੂੰ, ਪਾ ਜੱਫੀਆਂ ਲਈਆਂ।
'ਮੋਹ ਮਰਨੇ ਕਾ ਚਾਓ ਹੈ, ਦਰ ਮਰੋਂ ਗੁਸਈਆਂ'।
ਟੁਰ ਗਿਆ ਸਦਾ ਲਈ ਸ਼ਾਮ ਸਿੰਘ ਮੰਨ ਹੁਕਮ ਰਜ਼ਾਈਆਂ।
ਜੂਝ ਮਰਨ ਸਿੰਘ ਪੰਥ ਤੋਂ, ਜਗ ਬਾਤਾਂ ਰਹੀਆਂ।

## ਖਾਲਸਾ

[ਗਿਆਨੀ ਰਾਮ ਸਿੰਘ ਜੀ ਰਤਨ, ਪੋਸਟ ਬਾਕਸ ੩2726, ਨੈਰੋਬੀ]

ਪੰਚ ਸ਼ਬਦ, ਪੰਚ ਨਾਦ, ਪੰਚ ਪ੍ਰਵਾਣ ਗੁਰ, ਪੰਚ ਕਾ ਆਕਾਰ ਹੈ।
ਪੰਚ ਮਿਲੇ ਪੰਚ ਸਾਥ, ਪੰਚ ਪੀਏ ਪੰਚ ਪਾਏ, ਪੰਚ ਕਾ ਸ਼ਿੰਗਾਰ ਹੈ।
ਪੰਚ ਆਏ ਪੰਚ ਗਏ, ਪੰਚ ਹੱਸੇ ਪੰਚ ਰੋਏ, ਪੰਚ ਕਾ ਪਿਆਰ ਹੈ।
ਪੰਚ ਪੰਚ ਪੰਚ ਮਿਲੇ, ਪੰਚ ਕਾ ਖੇਲ ਰਤਨ, ਖਾਲਸਾ ਦੀਦਾਰ ਹੈ।੧।

ਸ਼ੁੱਧ ਗਿਆਨ, ਸ਼ੁੱਧ ਧਿਆਨ, ਸ਼ੁੱਧ ਚਿੱਤਿ ਸੁਧ ਬ੍ਰਿਤਿ, ਅਕਾਲ ਮੇਂ ਧਿਆਨ ਹੈ।
ਸ਼ੁੱਧ ਕਾਰ, ਨਿਰਵਿਕਾਰ, ਦੋਖ-ਰਹਿਤ ਦਾਨੀ ਸੰਤ, ਸੂਰਮਾ ਜਵਾਨ ਹੈ।
ਪਰਉਪਕਾਰ ਚਿੱਤਿ, ਦੀਨਨ ਕੀ ਰਾਖੀ ਹਿਤ, ਸੀਸ ਦੇਵੇ, ਨਾਹੀ ਭਾਜੈ, ਮਹਾਂ ਬਲਵਾਨ ਹੈ।
ਰਤਨ ਐਸਾ 'ਖਾਲਸਾ' ਰਖੈ ਨਾ ਕੋ ਲਾਲਸਾ, ਐਸਾ ਪੰਥ ਖਾਲਸਾ ਜਗਿ ਪ੍ਰਧਾਨ ਹੈ।੨।

ਜਿੰਨੇ ਕੱਚੇ ਪਿੱਲੇ ਧਸੇ ਵਿਚ ਖਾਲਸੇ ਦੇ, ਮੁਖੋਂ ਹੋਰ ਦਿਲੋਂ ਚੋਰ, ਪਏ ਛੁਰੀਆਂ ਚਲਾਂਵਦੇ।
ਖਾਲਸੇ ਦੀ ਆਨ ਸ਼ਾਨ, ਦਿਲੋਂ ਨਾ ਸੁਖਾਂਵਦੀ ਏ, ਵੈਰੀਆਂ ਦੇ ਹੱਥ ਖੇਲ, ਸਿੰਘਾਂ ਨੂੰ ਮਰਾਂਵਦੇ।
ਨਾਮ ਰੱਖੇ ਸਿੰਘਾਂ ਵਾਲੇ, ਕਰਮ ਮੀਰ ਮਨੂੰ ਵਾਲੇ,ਰਤਨ ਕਿਹੜੇ ਮੂੰਹ ਨਾਲ ਸਿਖ ਨੇ ਕਹਾਂਵਦੇ।
ਵੰਡੀ ਪਾ ਕੇ ਪੰਥ ਵਿਚ, ਆਪਣਾ ਹੀ ਸੋਚਦੇ ਨੇ, ਕਦੇ ਪੰਥ ਖਾਲਸੇ ਦਾ ਭਲਾ ਨਾਹੀ ਚਾਂਹਵਦੇ।੩।



www.AKJ.Org

# ਹਉਮੈ ਅਤੇ ਗੁਰੂ ਨਾਨਕ ਦੇਵ ਜੀ ਦਾ ਮਾਰਗ

[ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਮਨੁੱਖ ਆਜੀਵਕਾ ਦੀ ਖ਼ਾਤਰ ਪਹਿਲਾਂ ਰੋਜ਼ੀ ਕਮਾਣੀ ਸ਼ੁਰੂ ਕਰਦਾ ਹੈ। ਪਰ ਸਹਿਜੇ ਸਹਿਜੇ ਉਸ ਕਮਾਈ ਨਾਲ ਮਨੁੱਖ ਦਾ ਪਿਆਰ ਵਧਣਾ ਸ਼ੁਰੂ ਹੋ ਜਾਂਦਾ ਹੈ। ਇਥੋਂ ਤਕ ਕਿ ਅਖ਼ੀਰ ਇਸ ਨੂੰ ਹਰ ਵੇਲੇ ਆਪਣੇ ਹੀ ਸੁਖ ਦਾ, ਆਪਣੇ ਹੀ ਵਡੱਪਣ ਦਾ ਖ਼ਿਆਲ ਬਣਿਆ ਰਹਿੰਦਾ ਹੈ। ਗੁਰਮਤਿ ਦੀ ਬੋਲੀ ਵਿਚ ਇਸ ਅਵਸਥਾ ਦਾ ਨਾਮ 'ਹਉਮੈ' ਹੈ। ਇਸ ਦਾ ਕੁਦਰਤੀ ਸਿੱਟਾ ਇਹ ਨਿਕਲਦਾ ਹੈ ਕਿ ਇਸ ਦੇ ਅੰਦਰ ਮੇਰ-ਤੇਰ ਵਧਦੀ ਹੈ, ਵਿਤਕਰਾ ਪੱਕਾ ਹੁੰਦਾ ਜਾਂਦਾ ਹੈ, ਆਪਣਾ-ਪਨ ਤੇ ਬਿਗਾਨਾ-ਪਨ ਬਣਦਾ ਜਾਂਦਾ ਹੈ। ਸਤਿਗੁਰੂ ਜੀ ਨੇ ਇਸ ਹਾਲਤ ਨੂੰ ਬਿਆਨ ਕਰਨ ਵਾਸਤੇ ਲਫ਼ਜ਼ 'ਦੁਬਿਧਾ' ਵਰਤਿਆ ਹੈ। 'ਦੁਬਿਧਾ' ਦਾ ਅਰਥ ਹੈ "ਦੋ ਕਿਸਮ ਦਾ", "ਦੋ ਹਿੱਸਿਆਂ ਵਿਚ ਵੰਡਿਆ ਹੋਇਆ"। ਮਨ ਦੀ ਇਹੀ ਅਵਸਥਾ ਵਿਤਕਰਿਆਂ ਦਾ ਮੂਲ ਹੈ। ਇਹ 'ਦੁਬਿਧਾ' ਕਿਥੋਂ ਪੈਦਾ ਹੁੰਦੀ ਹੈ ? ਹਉਮੈ ਤੋਂ।

'ਹਉਮੈ' ਦੋ ਲਫ਼ਜ਼ਾਂ ਦਾ ਜੋੜ ਹੈ 'ਹਉ' ਅਤੇ 'ਮੈਂ'। 'ਹਉ' ਸੰਸਕ੍ਰਿਤ ਦੇ ਲਫ਼ਜ਼ 'ਅਹੰ' ਦਾ ਪ੍ਰਾਕ੍ਰਿਤ ਰੂਪ ਹੈ, ਜਿਸ ਦਾ ਅਰਥ ਹੈ 'ਮੈਂ'। ਸੋ 'ਹਉਮੈ' ਦਾ ਅਰਥ ਹੈ 'ਮੈਂ ਮੈਂ'। ਹਰ ਗੱਲੇ, ਹਰ ਥਾਂ, ਹਰ ਵੇਲੇ ਇਹ ਖ਼ਿਆਲ ਟਿਕਿਆ ਰਹਿਣਾ ਕਿ "ਮੈਂ ਵੱਡਾ ਬਣ ਜਾਵਾਂ, ਮੈਂ ਅਮੀਰ ਹੋ ਜਾਵਾਂ, ਇਸ ਕੰਮ ਵਿਚੋਂ ਮੈਂ ਹੀ ਖੱਟ ਲਵਾਂ, ਮੈਂ ਹੀ ਮੈਂ, ਮੈਂ ਹੀ ਮੈਂ"। ਭਾਵ ਸੁਆਰਥ, ਖ਼ੁਦਗਰਜ਼ੀ। ਜਿਸ ਮਨੁੱਖ ਨੇ ਸੁਆਰਥ ਨੂੰ ਹੀ ਜੀਵਨ ਦਾ ਨਿਸ਼ਾਨਾ ਬਣਾ ਲਿਆ ਹੋਵੇ, ਉਹ ਕੁਦਰਤੀ ਤੌਰ ਤੇ ਵਿਤਕਰਿਆਂ ਵਿਚ ਫਸ ਜਾਂਦਾ ਹੈ, ਦੂਜਿਆਂ ਦਾ ਨੁਕਸਾਨ ਕਰ ਕੇ ਭੀ ਆਪਣਾ ਲਾਭ ਸੋਚਦਾ ਹੈ।

ਟੱਬਰ, ਕੌਮ, ਦੇਸ, ਦੁਨੀਆ, ਕਿਤੇ ਭੀ ਧਿਆਨ ਮਾਰ ਕੇ ਵੇਖ ਲਵੋ, ਹਰ ਥਾਂ ਸੁਆਰਥ ਹੀ ਵੈਰ-ਵਿਰੋਧ ਦਾ ਮੂਲ ਹੈ। ਇਕੋ ਘਰ ਦੇ ਜੀਵ ਖ਼ੁਦਗਰਜ਼ੀ ਦੇ ਕਾਰਨ ਵੈਰੀ ਬਣ ਜਾਂਦੇ ਹਨ, ਇਕੋ ਕੌਮ ਦੇ ਬੰਦੇ, ਇਕ ਦੇਸ ਦੇ ਵਸਨੀਕ ਇਕ ਦੂਜੇ ਦੇ ਲਹੂ ਦੇ ਤ੍ਰਿਹਾਏ ਹੋ ਜਾਂਦੇ ਹਨ, ਦੇਸ ਦੇਸ ਦੀ ਆਪੋ ਵਿਚ ਟੱਕਰ ਲੱਗ ਜਾਂਦੀ ਹੈ। ਇਹ ਸੁਆਰਥ ਦੁਨੀਆ ਨੂੰ ਨਰਕ ਬਣਾ ਦੇਂਦਾ ਹੈ। ਸੁਆਰਥੀ ਬੰਦਾ ਦੂਜਿਆਂ ਨੂੰ ਭੀ ਦੁਖੀ ਕਰਦਾ ਹੈ, ਤੇ ਆਪ ਭੀ ਸੁਖੀ ਨਹੀਂ ਰਹਿ ਸਕਦਾ।

ਜੋਗੀਆਂ ਨੇ ਇਸ ਦਾ ਇਲਾਜ ਇਹ ਸਮਝਿਆ ਕਿ ਘਰ-ਘਾਟ ਛੱਡ ਕੇ, ਮਲਕੀਅਤ ਮੁਕਾ ਕੇ, ਜੰਗਲ-ਵਾਸਾ ਕਰ ਲਿਆ ਜਾਏ। ਪਰ ਮਾਇਆ ਨਿਰਾ ਇਸਤ੍ਰੀ ਬੱਚਿਆਂ ਦਾ ਪਿਆਰ ਹੀ ਨਹੀਂ, ਮਾਇਆ ਨਿਰੇ ਧਨ ਦਾ ਹੀ ਨਾਮ ਨਹੀਂ। ਮਾਇਆ ਦੇ ਕਈ ਸਰੂਪ ਹਨ। ਜੰਗਲ ਵਿਚ ਕੀਤੇ ਤਪਾਂ ਦਾ ਮਾਣ ਭੀ ਮਾਇਆ ਹੈ, ਸਮਾਧੀਆਂ ਦੀ ਇਕਾਗ੍ਰਤਾ ਤੋਂ ਪੈਦਾ ਹੋਈਆਂ ਮਾਨਸਕ ਤਾਕਤਾਂ ਦਾ ਨਸ਼ਾ ਭੀ ਮਾਇਆ ਹੈ, ਇਹਨਾਂ ਮਾਨਸਕ ਤਾਕਤਾਂ ਦੇ ਆਸਰੇ ਲੋਕਾਂ ਨੂੰ ਵਰ-ਸਰਾਪ ਦੇ ਲਾਲਚ-ਡਰਾਵੇ ਦੇਣੇ ਭੀ ਮਾਇਆ ਦੇ ਹੱਥਾਂ ਵਿਚ ਹੀ ਖੇਡਣਾ ਹੈ। ਜੰਗਲਾਂ ਵਿਚ ਜਾ ਕੇ ਭੀ 'ਮੈਂ, ਮੈਂ' ਟਿਕੀ ਹੀ ਰਹੀ, 'ਮੈਂ ਵਰ ਦੇ ਸਕਦਾ ਹਾਂ, ਮੈਂ ਸਰਾਪ ਦੇ ਸਕਦਾ ਹਾਂ,' ਅਹੰਕਾਰ ਤੇ ਕ੍ਰੋਧ ਬਣੇ ਹੀ ਰਹੇ।

ਧਰਤੀ ਦੇ ਸਾਰੇ ਹੀ ਬੰਦਿਆਂ ਵਾਸਤੇ ਇਹ ਰਸਤਾ ਹੈ ਭੀ ਅਸੰਭਵ। ਕਿਰਤ-ਕਾਰ ਛੱਡਿਆਂ ਸਾਰੇ ਜੀਵਾਂ ਲਈ ਰੁੱਖ ਬਿਰਖ ਖ਼ੁਰਾਕ ਪੈਦਾ ਨਹੀਂ ਕਰ ਸਕਦੇ। ਜੇ ਸਾਰੇ ਹੀ ਮਨੁੱਖ ਗ੍ਰਿਹਸਤ ਛੱਡ ਕੇ ਜੰਗਲੀਂ ਚਲੇ ਜਾਣ, ਤਾਂ ਮਨੁੱਖ-ਜਾਤੀ ਹੀ ਖ਼ਤਮ ਹੋ ਜਾਏ। ਪਰ ਜੇ ਜੰਗਲੀਂ ਜਾ ਕੇ ਇਸਤ੍ਰੀ-ਪੁਰਸ਼ ਸੰਬੰਧ ਬਣੇ ਰਹਿਣ ਤਾਂ ਮੁੜ-ਗ੍ਰਿਹਸਤ ਹੀ ਹੋ ਗਿਆ।

ਗੁਰੂ ਨਾਨਕ ਦੇਵ ਜੀ ਦਾ ਰਸਤਾ ਇਹ ਹੈ ਕਿ ਗ੍ਰਿਹਸਤ ਵਿਚ ਰਹਿ ਕੇ ਹੀ 'ਹਉਮੈ' ਦਾ



www.AKJ.Org

ਤਿਆਗ ਕੀਤਾ ਜਾਏ। 'ਹਉਮੈ' ਹੀ ਜਗਤ ਦੇ ਦੁਖਾਂ ਦਾ ਮੂਲ ਕਾਰਨ ਹੈ। 'ਹਉਮੈ' ਨੂੰ ਤਿਆਗਣਾ ਹੈ ਦੁਖਾਂ ਤੋਂ ਬਚਣ ਲਈ। ਪਰ ਨਿਰੇ ਤਿਆਗ ਨਾਲ ਕੀ ਬਣੇ ? ਅਸਲ ਨਿਸ਼ਾਨਾ ਹੈ ਮਨ ਦੀ ਸ਼ਾਂਤੀ, ਮਨ ਦਾ ਸਦੀਵੀ ਸੁਖ। ਸੁਖ ਸ਼ਾਂਤੀ ਦਾ ਸੋਮਾ ਹੈ ਪਰਮਤਾਮਾ। ਸੋ ਨਰਕੀ ਜੀਵਨ ਤੋਂ ਬਚਣ ਲਈ ਪ੍ਰਮਾਤਮਾ ਵਿਚ ਮਿਲੇ ਰਹਿਣਾ ਜ਼ਰੂਰੀ ਸ਼ਰਤ ਹੈ। ਪਰ ਪੂਰਨ ਮਿਲਾਪ ਸਿਰਫ਼ ਉਹਨਾਂ ਪਦਾਰਥਾਂ ਦਾ ਹੀ ਹੋ ਸਕਦਾ ਹੈ ਜਿਨ੍ਹਾਂ ਦਾ ਅਸਲਾ ਇਕੋ ਹੋਵੇ। ਪਾਣੀ ਤੇ ਤੇਲ ਨੂੰ ਬੋਤਲ ਵਿਚ ਪਾ ਕੇ ਕਿਤਨਾ ਹੀ ਹਿਲਾਈਏ, ਫਿਰ ਭੀ ਉਹ ਵੱਖ ਵੱਖ ਹੀ ਰਹਿਣਗੇ। ਪਰਮਾਤਮਾ ਹੈ ਸਾਰੇ ਜੀਵਾਂ ਨੂੰ ਪਿਆਰ ਕਰਨ ਵਾਲਾ, ਅਸੀਂ ਹਾਂ ਸਿਰਫ਼ ਆਪਣੇ ਆਪ ਨੂੰ ਪਿਆਰ ਕਰਨ ਵਾਲੇ। ਉਹ ਹੈ ਸਰਬ-ਪ੍ਰਿਯ. ਅਸੀਂ ਹਾਂ ਸ੍ਵੈ-ਪ੍ਰਿਯ। ਉਹ ਹੈ ਅਲਗ਼ਰਜ਼, ਅਸੀਂ ਹਾਂ ਖ਼ੁਦ-ਗ਼ਰਜ਼। ਖ਼ੁਦਗ਼ਰਜ਼ ਤੇ ਅਲ-ਗ਼ਰਜ਼ ਇਕ-ਜਾਨ ਕਿਵੇਂ ਹੋ ਸਕਣ ?

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥

ਵਡਹੰਸੁ ਮਹਲਾ ੩, ਪੰਨਾ ੫੬੦

ਫਿਰ, ਮੇਲ ਦਾ ਕੋਈ ਤਰੀਕਾ ? ਹਾਂ, ਪਾਣੀ ਬਣ ਕੇ ਹੀ ਪਾਣੀ ਵਿਚ ਇੱਕ-ਜਾਨ ਹੋਇਆ ਜਾ ਸਕਦਾ ਹੈ। ਸਾਡਾ ਤੇ ਪ੍ਰਭੂ ਦਾ ਸੁਭਾਵ ਰਲਿਆਂ ਹੀ ਅਸੀ ਉਸ ਵਿਚ ਇਕ-ਮਿਕ ਹੋ ਸਕਦੇ ਹਾਂ। ਆਪਣੇ ਆਪ ਨੂੰ ਪਿਆਰਨਾ ਛੱਡ ਦੇਈਏ, ਪਰਮਾਤਮਾ ਵਾਂਗ ਸਾਰੀ ਸ੍ਰਿਸ਼ਟੀ ਨੂੰ ਪਿਆਰਨ ਲਗ ਪਈਏ। ਕੋਈ ਐਸਾ ਪ੍ਰਬੰਧ ਬਣੇ ਕਿ ਸਾਰਾ ਹੀ ਜਗਤ ਪ੍ਰਭੂ-ਪਿਤਾ ਦਾ ਇਕੋ ਟੱਬਰ ਦਿੱਸਣ ਲਗ ਪਏ। ਸੁਭਾਵ ਰਲਾਣ ਦਾ ਇਕੋ ਇਕ ਤਰੀਕਾ ਹੈ, ਤੇ ਉਹ ਹੈ ਪਿਆਰ। ਜਿਸ ਨਾਲ ਡੂੰਘਾ ਪਿਆਰ ਪੈ ਜਾਏ, ਉਸ ਨਾਲ ਸੁਭਾਉ ਭੀ ਮਿਲ ਜਾਂਦਾ ਹੈ। ਪਰ ਇਹ ਡੂੰਘਾ ਪਿਆਰ ਕਿਵੇਂ ਪਏ ? ਜਿਸ ਨਾਲ ਪਿਆਰ ਹੋਵੇ, ਉਸ ਨੂੰ ਯਾਦ ਕਰਨ ਤੋਂ ਬਿਨਾਂ ਰਹਿ ਨਹੀਂ ਸਕੀਦਾ। ਜਿਉਂ ਜਿਉਂ ਮੁੜ ਮੁੜ ਕਿਸੇ ਨੂੰ ਯਾਦ ਕਰਦੇ ਰਹੀਏ, ਤਿਉਂ ਤਿਉਂ ਉਸ ਨਾਲ ਪਿਆਰ ਵਧਦਾ ਜਾਂਦਾ ਹੈ। ਯਾਦ ਤੇ ਪਿਆਰ, ਪਿਆਰ ਤੇ ਯਾਦ—ਇਹਨਾਂ ਦੀ ਆਪੋ ਵਿਚ ਡੂੰਘੀ ਸਾਂਝ ਹੈ। ਪਰਮਾਤਮਾ ਦੀ ਯਾਦ ਪਰਮਾਤਮਾ ਨਾਲ ਪਿਆਰ ਪਾਏਗੀ। ਪਿਆਰ ਉਸ ਨਾਲ ਸਾਡਾ ਸੁਭਾਉ ਮਿਲਾਏਗਾ। ਅਸੀ ਖ਼ੁਦਗ਼ਰਜ਼ੀ ਵਲੋਂ ਹਟ ਕੇ ਸਾਰੇ ਜਗਤ ਨੂੰ ਇਕ ਦਾ ਟੱਬਰ ਸਮਝ ਕੇ ਸਾਰੇ ਜਗਤ ਨਾਲ ਪਿਆਰ ਕਰਨ ਲਗ ਪਵਾਂਗੇ। ਬੱਸ ਸੁਭਾਉ ਮਿਲ ਗਿਆ ਤਾਂ ਇਕ ਹੋ ਗਏ :–

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥੧੩॥

ਗਉੜੀ ਸੁਖਮਨੀ ਮਹਲਾ ੫, ਪੰਨਾ ੨੭੮

ਸੋ, ਗੁਰੂ ਨਾਨਕ ਦੇਵ ਜੀ ਦਾ ਇਹ ਮਾਰਗ ਹੈ ਕਿ ਗ੍ਰਿਹਸਤ ਵਿਚ ਰਹਿੰਦੇ ਹੋਏ ਖ਼ਲਕਤ ਵਾਸਤੇ ਜੀਵੀਏ। ਖ਼ਲਕਤ ਨਾਲ ਪਿਆਰ ਖ਼ਾਲਕ ਨਾਲ ਪਿਆਰ ਹੀ ਬਣ ਜਾਂਦਾ ਹੈ।

---


# ਪੂਰਬ ਜਨਮ ਕੇ ਮਿਲੇ ਸੰਜੋਗੀ

[ਲੇਖਕ—ਪ੍ਰੋਫੈਸਰ ਠਾਕਰ ਸਿੰਘ ਜੀ]

ਇਸ ਪੁਸਤਕ ਵਿਚ ਰੰਗ-ਰਤੜੇ ਗੁਰੂ ਪਿਆਰੇ ਬਾਊ ਮੱਲ ਸਿੰਘ ਜੀ ਦੀ ਜੀਵਨੀ ਹੈ। ਜੀਵਨ-ਪ੍ਰਯੰਤ ਆਪ ਜੀ ਨੇ ਥਾਂ-ਪਰ-ਥਾਂ ਪੁਜ ਕੇ ਅਨੇਕਾਂ ਗੁਰਮਤਿ ਸਮਾਗਮਾਂ ਦੀਆਂ ਹਾਜ਼ਰੀਆਂ ਭਰੀਆਂ, ਜਿਥੇ ਗੁਰਬਾਣੀ ਅਤੇ ਕੀਰਤਨ ਦੇ ਪ੍ਰਵਾਹ ਚਲਾਏ।ਅੰਮ੍ਰਿਤ-ਸਿੰਚਾਰ ਸਮਾਗਮਾਂ ਵਿਚ ਆਪ ਜੀ ਨੇ ਖ਼ੂਬ ਵਧ ਚੜ੍ਹ ਕੇ ਰੰਗਾਂ ਵਿਚ ਸੇਵਾ ਨਿਭਾਈ। ਇਸ ਪੁਸਤਕ ਵਿਚ ਭਾਈ ਰਣਧੀਰ ਸਿੰਘ ਜੀ ਦੇ ਨਾਲ ਸੰਬੰਧਤ ਬੜੇ ਰੋਚਿਕ ਪਰਸੰਗ ਵੀ ਦਿਤੇ ਹੋਏ ਹਨ। ਇਹ ਪੁਸਤਕ ਹਨੇਰੇ ਜੀਵਨ ਰੁਸ਼ਨਾਉਣ ਵਾਲੀ, ਸਾਈਂ ਦੇ ਲੜ ਲਾਉਣ ਵਾਲੀ ਤੇ ਦੁਖ ਦਰਦ ਮਿਟਾਣ ਵਾਲੀ ਹੈ ਅਤੇ ਗੁਰਸਿਖਾਂ ਨੂੰ ਗੁਰਮਤਿ ਦੀਆਂ ਅਨੇਕਾਂ ਸੇਧਾਂ ਦਿੰਦੀ ਹੈ। ਸਫ਼ੇ ੨੫੬, ਕਾਗਜ਼ ਛਪਾਈ ਚੰਗੀ,

ਸਚਿਤਰ ਪੇਪਰ ਬੈਕ 4/–, ਡੀਲਕਸ 7/–





www.AKJ.Org

# ਬਾਣੀ ਗੁਰੂ ਗੁਰੂ ਹੈ ਬਾਣੀ

[ਵਲੋਂ—ਬੀਬੀ ਗੁਰਬਰਿੰਦਰ ਕੌਰ ਸਪੁਤਰੀ ਭਾਈ ਜੁਗਿੰਦਰ ਸਿੰਘ ਜੀ, ਕੂਚਾ ਬਾਬੂ ਮੱਲ ਸਿੰਘ ਜੀ, ਤਰਨ ਤਾਰਨ]

ਸੰਸਾਰ ਦੇ ਹਰ ਧਰਮ ਅੰਦਰ, ਹਰ ਮਜ਼੍ਹਬ ਅੰਦਰ ਉਹਨਾਂ ਦੇ ਮਹਾਂ-ਪੁਰਸ਼ਾਂ ਦੇ ਬਚਨ ਹਨ। ਈਸਾਈਆਂ ਪਾਸ ਅੰਜੀਲ ਹੈ, ਮੁਸਲਮਾਨਾਂ ਪਾਸ ਕੁਰਾਨ ਹੈ, ਹਿੰਦੂ ਵੀਰਾਂ ਪਾਸ ਵੇਦ ਹਨ, ਇਤਿਆਦਿ। ਇਸੇ ਤਰ੍ਹਾਂ ਸਿੱਖ ਧਰਮ ਵਾਲਿਆਂ ਨੂੰ ਸਤਿਗੁਰੂ ਜੀ ਨੇ ਗੁਰਬਾਣੀ ਦੀ ਦਾਤਿ ਬਖ਼ਸ਼ੀ।

ਜੋ ਉੱਚਤਾ ਤੇ ਵਡਿਆਈ ਗੁਰਬਾਣੀ ਦੀ ਸਿੱਖ ਧਰਮ ਵਿਚ ਹੈ ਉਹ ਹੋਰਨਾਂ ਮੱਤਾਂ ਵਿਚ ਆਪਣੇ ਧਰਮ-ਪੁਸਤਕਾਂ ਦੀ ਨਹੀਂ। ਕੇਵਲ ਇੱਕੋ ਇੱਕ ਇਹੀ ਧਰਮ ਹੈ ਜਿਸਦੇ ਰਚਨਹਾਰਿਆਂ ਨੇ ਇਸ ਨੂੰ ਰਚ ਕੇ ਆਪ ਇਸ ਅੱਗੇ ਮੱਥਾ ਟੇਕਿਆ ਅਤੇ ਇਸਦਾ ਜੀਵਨ ਵਿਚ ਹੀ ਪੂਰਾ ਸਤਿਕਾਰ ਕੀਤਾ। ਇਸ ਬਾਣੀ ਵਿਚ ਉਹਨਾਂ ਅਨੁਭਵੀ ਮਹਾਂ-ਪੁਰਸ਼ਾਂ ਅਥਵਾ ਸਤਿਗੁਰਾਂ ਨੇ ਇਤਨੀ ਸ਼ਕਤੀ ਰੱਖ ਦਿੱਤੀ ਜਿਤਨੀ ਸ਼ਕਤੀ ਉਨ੍ਹਾਂ ਦੇ ਨਿੱਜ ਸਰੂਪ ਵਿਚ ਸੀ। ਦੱਸੋਂ ਹੀ ਸਤਿਗੁਰਾਂ ਨੇ ਆਪਣੀ ਬਖਸ਼ਿਸ਼ ਨਾਲ ਅਨੰਤ ਜੀਵਾਂ ਦੇ ਦੁੱਖ ਅਤੇ ਸੰਤਾਪ ਕੱਟੇ, ਆਪ ਨੇ ਉਹੀ ਮਹਾਨ ਸ਼ਕਤੀ ਇਸ ਗੁਰਬਾਣੀ ਦੀ ਦੱਸੀ।

"ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ" ॥੪੦॥ —ਅਨੰਦੁ ਸਾਹਿਬ

ਭਾਵ ਸਪਸ਼ਟ ਹੈ ਕਿ ਬਾਣੀ ਦੇ ਸੁਣਨ ਨਾਲ ਹੀ ਤਨ ਮਨ ਦੇ ਸਾਰੇ ਦੁੱਖ ਸੰਤਾਪ ਨਵਿਰਤ ਹੋ ਜਾਂਦੇ ਹਨ।

ਸਤਿਗੁਰੂ ਦੇ ਪਵਿਤਰ ਸਰੂਪ ਵਿੱਚ ਪ੍ਰਕਾਸ਼ ਹੈ, ਨੂਰ ਹੈ, ਰੱਬੀ ਜੋਤਿ ਹੈ, ਜਿਹੜੀ ਅਨੰਤ ਜੀਵਾਂ ਦੇ ਅਗਿਆਨ-ਅੰਧਕਾਰ ਨੂੰ ਕਟਦੀ ਰਹੀ ਹੈ। ਹੁਣ ਓਹੋ ਰੱਬੀ ਜੋਤਿ, ਰੱਬੀ ਪ੍ਰਕਾਸ਼ ਗੁਰਬਾਣੀ ਰੂਪ ਵਿੱਚ ਪ੍ਰਕਾਸ਼-ਮਾਨ ਹੋ ਰਹੀ ਹੈ। ਇਸ ਬਾਬਤ ਗੁਰਬਾਣੀ ਵਿਚ ਹੀ ਅੰਤ੍ਰਿ ਅੰਕਿਤ ਹੈ—

ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ ॥੧੧॥

ਸਿਰੀਰਾਗੁ ਮ: ੩, ਪੰਨਾ ੬੭

ਸਿੱਖ ਮਨ ਦੀ ਪੂਰੀ ਸ਼ਰਧਾ ਹੈ ਕਿ ਦਸੋਂ ਸਤਿਗੁਰੂ ਧੁਰੋਂ ਰੱਬੀ ਮੰਡਲ ਤੋਂ ਆਏ ਹਨ। ਉਹਨਾਂ ਨੂੰ ਨਿਰੰਕਾਰ ਨੇ ਆਪ, ਧੁਰ ਦਰਗਾਹ ਤੋਂ ਸੰਸਾਰ-ਮੰਡਲ ਵਿਚ ਭੇਜਿਆ। ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਲਿਖਦੇ ਹਨ—

ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ ॥

ਵਾਰ ੧, ਪਉੜੀ ੨੩

ਇਸੇ ਤਰ੍ਹਾਂ ਗੁਰਬਾਣੀ ਵਿਚ ਗੁਰਬਾਣੀ ਬਾਬਤ ਲਿਖਿਅ ਹੈ—

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੧੩॥੭੭॥

ਸੋਰਠਿ ਮ: ੫, ਪੰਨਾ ੬੨੮

ਫਿਰ ਆਪ ਨੇ ਦੱਸਿਆ ਕਿ ਇਹ ਬਾਣੀ ਕੇਵਲ ਗੁਰੂ ਸਰੂਪ ਹੀ ਨਹੀਂ, ਸਗੋਂ ਪਰਮੇਸ਼ਰ ਦੇ ਅਸਥਾਨੀ ਵੀ ਹੈ। ਗੁਰਵਾਕ—

ਪੋਥੀ ਪਰਮੇਸਰ ਕਾ ਥਾਨੁ ॥ਰਹਾਉ॥੧੧੩॥

ਸਾਰਗ ਮ: ੫, ਪੰਨਾ ੧੨੨੬

ਸਤਿਗੁਰੂ ਜੀ ਆਪ ਦੱਸਦੇ ਹਨ ਕਿ ਇਸ ਸੰਸਾਰ ਵਿੱਚ ਮੇਰੇ ਮਨ ਅੰਦਰ ਗੁਰਬਾਣੀ ਦੀ ਹੀ ਟੇਕ ਹੈ—

ਮੈ ਗੁਰਬਾਣੀ ਆਧਾਰੁ ਹੈ, ਗੁਰਬਾਣੀ ਲਾਗਿ ਰਹਾਉ॥੮॥੧੪॥

ਸੂਹੀ ਮ: ੪ ਅਸਟਪਦੀਆ ਪੰਨਾ ੭੫੯



www.AKJ.Org

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਸੰਕਲਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਜਨਾ ਸਾਜੀ। ਆਪ ਨੇ ਇਸ ਰੱਬੀ ਰਚਨਾ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਅਸਥਾਪਨ ਕੀਤਾ। ਆਪਣੇ ਬਾਕੀ ਜੀਵਨ-ਕਾਲ ਦੇ ਤਕਰੀਬਨ ਤਿੰਨ ਸਾਲ ਰਾਤ੍ਰੀ ਸਮੇਂ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਬੁੰਗੇ ਵਿਖੇ ਪਲੰਘ ਤੇ ਬਿਰਾਜਦੇ ਰਹੇ, ਆਪ ਗੁਰੂਦੇਵ ਜੀ ਹੇਠਾਂ ਭੁੰਜੇ ਟਿਕਦੇ ਰਹੇ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :-

ਤਿਹ ਸਥਾਨ ਲੇ ਕਰ ਜਬਿ ਗਏ ॥ ਸੁਠ ਪ੍ਰਯੰਕ ਤਤਿ ਡਸਤਿ ਭਏ ॥ [ਸੁਠ ਪ੍ਰਯੰਕ=]
ਸੇਜ ਬੰਦ ਗੁੰਫੇ ਬਡ ਜਰੀ ॥ ਸੁੰਦਰ ਫੂਲਨ ਮਾਲਾ ਧਰੀ ॥ [ਸੁੰਦਰ ਪਲੰਘ]
ਤਹਾਂ ਨਿਵਾਸ ਗ੍ਰਿੰਥ ਕੋ ਕੀਨ ॥ ਸ੍ਰੀ ਗੁਰ ਭੂ-ਤਲ ਨਿਕਟ ਅਸੀਨ ॥
ਕਬਿ ਕਬਿ ਸਦਨ ਆਪਨੇ ਜਾਹਿਂ ॥ ਨਾਹਿਂ ਤ ਰਹੈਂ ਗ੍ਰਿੰਥ ਕੇ ਪਾਹਿ ॥

ਸ੍ਰੀ ਸੂਰਜ ਪ੍ਰਕਾਸ਼, ਜਿਲਦ ੬, ਪੰਨਾ ੨੧੪੪

ਦਸਮ ਪਾਤਸ਼ਾਹ ਜੀ ਨੇ ੧੭੬੫ ਬਿਕ੍ਰਮੀ ਵਿੱਚ ਇਨ੍ਹਾਂ ਨੂੰ ਆਪਣੇ ਗੁਰੂ ਨਾਨਕ ਦੇ ਤਖਤ ਉੱਤੇ ਟਿਕਾਇਆ ਅਤੇ ਆਪ ਮੱਥਾ ਟੇਕਿਆ ਅਤੇ ਪੰਥ ਨੂੰ ਆਗਿਆ ਕੀਤੀ,

"ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥"

ਉਸ ਦਿਨ ਤੋਂ ਲੈ ਕੇ ਅੱਜ ਤਕ ਗੁਰੂ ਨਾਨਕ ਨਾਮ ਲੇਵਾ, ਇਸ ਬਾਣੀ ਦੇ ਸੋਮੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਰੂਪ ਜਾਣ ਕੇ ਪੂਜਦੇ ਹਨ। ਇਸ ਵਕਤ ਸਮੂੰਹ ਗੁਰਦਵਾਰਿਆਂ, ਧਰਮ-ਅਸਥਾਨਾਂ ਵਿਚ ਸਤਿਗੁਰਾਂ ਦੇ ਮਨੁਖੀ ਸਰੀਰ-ਜਾਮੇ ਵਾਂਗੂੰ ਹੀ ਇਸ ਦਾ ਪੂਰਨ ਸਤਿਕਾਰ ਤੇ ਪੂਜਾ ਹੁੰਦੀ ਹੈ।

ਇਸ ਤੋਂ ਉਪਰੰਤ ਪਰਮਾਰਥ ਦੇ ਜੋ ਫ਼ੈਜ਼ ਇੱਕ ਸਿੱਖ ਜਗਿਆਸੂ ਨੂੰ ਪ੍ਰਾਪਤ ਹੁੰਦੇ ਰਹੇ, ਉਹਨਾਂ ਸਭਨਾਂ ਪ੍ਰਮਾਰਥਿਕ ਦਾਤਾਂ ਦਾ ਸੋਮਾ ਇਹ ਗੁਰਬਾਣੀ ਹੈ। ਇਸੇ ਕਰਕੇ ਸਿੱਖਾਂ ਵਿਚ ਇਹ ਅਡੋਲ ਤੇ ਅਟੱਲ ਨਿਸਚਾ ਹੈ ਕਿ— ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥੪॥

ਨਟ ਮਹਲਾ ੪, ਪੰਨਾ ੯੮੨

---


## ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਰੰਗਲੇ ਸਜਣ (ਨਵੀਂ ਐਡੀਸ਼ਨ) | ੭-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? | ੩-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ |
| ਗੁਰਮਤਿ ਰਮਜ਼ਾਂ | ੧-੩੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ |
| ਸਚਖੰਡ ਦਰਸ਼ਨ | ੧-੭੫ |
| ਝਟਕਾ ਮਾਸ ਪ੍ਰਥਾਇ ਨਿਰਣੈ | ੪-੦੦ |
| ਵਾਹਿਗੁਰੂ ਸਿਮਰਨ | ੦-੪੫ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ |
| ਪੂਰਬ ਜਨਮ ਕੇ ਮਿਲੇ ਸੰਜੋਗੀ | ੭-੦੦, ੪-੦੦ |
| ਵੈਸਾਖੀ ਦਾ ਖੂਨੀ ਸਾਕਾ | ੧-੫੦ |
| HAIR-A DIVINE GIFT | 0-40 |
| Dawn of Divine Wisdom | 0-75 |
| ਜੇਲ੍ਹ ਚਿਠੀਆਂ | ੧੫-੦੦ |
| ਅੰਮ੍ਰਿਤ ਕੀ ਹੈ ? | ੧-੦੦ |
| ਗੁਰਮਤਿ ਲੇਖ | ੫-੫੦ |
| ਗੁਰਮਤਿ ਵਿਚਾਰ | ੫-੫੦ |
| ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ |
| ਨਾਮ ਸੰਬੰਧੀ ਵਿਚਾਰ | ੦-੯੦ |
| ਆਸਤਕ ਤੇ ਨਾਸਤਕ | ੦-੩੫ |
| ਉਮਰ ਕੈਦੀ ਦਾ ਸੁਪਨਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੫੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੫੦ |
| ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |





www.AKJ.Org

ਭਾਰਤ ਦਾ ਮੌਜੂਦਾ ਕਾਨੂੰਨ ਸਿੱਖ ਧਰਮ ਲਈ ਘਾਤਕ

# ਸਿੱਖਾਂ ਨੂੰ ਪਤਿਤ ਕਰਨ ਵਾਲੀ ਡੂੰਘੀ ਚਾਲ ਤੋਂ ਬਚਣ ਦੀ ਲੋੜ

[ਵਲੋਂ—ਗਿ: ਹਰਬੰਸ ਸਿੰਘ ਜੀ ਤੇਗ, ਸਿੱਖ ਮਿਸ਼ਨਰੀ, ਗੁ: ਚਰਨ ਕੰਵਲ. ਬੰਗਾ]

ਧਰਮੀ ਮਨੁਖ ਦਾ ਅਚਾਰ ਕਦੀ ਬੁਰਾ ਹੋ ਹੀ ਨਹੀਂ ਸਕਦਾ; ਕਿਉਂਕਿ ਉਸ ਦੇ ਅੰਦਰ ਸਭ ਤੋਂ ਵਡੀ ਸ਼ਕਤੀ ਪ੍ਰਮਾਤਮਾ ਦਾ 'ਭੈ' ਹਰ ਵੇਲੇ ਹੁੰਦਾ ਹੈ। ਇਹੋ ਕਾਰਨ ਹੈ ਕਿ (ਪ੍ਰਮਾਤਮਾ ਨੂੰ ਮੰਨਣ ਵਾਲੇ) ਧਰਮੀ ਹੋਣ ਤੋਂ ਬਿਨਾਂ ਸਚਾ ਸੁਚਾ ਜੀਵਨ ਜੀਉਣਾ ਹੀ ਔਖਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਨੇ ਦਸ ਜਾਮਿਆਂ ਰਾਹੀਂ ਮਹਾਨ ਕੁਰਬਾਨੀ ਅਤੇ ਸ਼ਹਾਦਤਾਂ ਦੇ ਕੇ ਕਿਸੇ ਭੀ ਧਰਮ ਨੂੰ ਮੰਨਣ ਵਾਲੇ ਉਤੇ ਹੋਏ ਧਕੇ ਅਤੇ ਜ਼ੁਲਮ ਵਿਰੁਧ ਕੇਵਲ ਅਵਾਜ਼ ਹੀ ਨਹੀਂ ਉਠਾਈ, ਸਗੋਂ ਅਮਲੀ ਤੌਰ ਤੇ ਕੁਰਬਾਨੀ ਦੇ ਕੇ ਪਰਤੱਖ ਕੀਤਾ। ਮਿਸਾਲ ਵਜੋਂ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਉਤੇ ਮੁਸਲਮਾਨ ਹਾਕਮਾਂ ਵਲੋਂ ਹੁੰਦੇ ਧੱਕੇ ਨੂੰ ਰੋਕਣ ਲਈ ਆਪਣਾ ਬਲੀਦਾਨ ਦਿੱਤਾ, ਜਦ ਕਿ ਆਪ ਜਨੇਊ ਨਹੀਂ ਸੀ ਪਾਉਂਦੇ ਅਤੇ ਨਾ ਹੀ ਸਿੱਖ ਧਰਮ ਵਿਚ ਜਨੇਊ ਨੂੰ ਕੋਈ ਥਾਂ ਹੈ। ਪਰ ਦਿੱਲੀ ਜਾ ਕੇ ਆਪਣਾ ਸੀਸ ਦੇ ਕੇ ਸ਼ਹਾਦਤ ਪ੍ਰਾਪਤ ਕੀਤੀ।

ਇਹ ਭੀ ਹੈਰਾਨੀ ਦੀ ਗੱਲ ਹੈ ਕਿ ਸਿੱਖ ਧਰਮ ਨੂੰ ਮੰਨਣ ਵਾਲਿਆਂ ਨੇ ਹਿੰਦੂਆਂ ਦੀ ਇਜ਼ਤ-ਆਬਰੂ ਨੂੰ ਅਤੇ ਇਸ ਹਿੰਦੁਸਤਾਨ ਦੀ ਰਾਖੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ, ਹਿੰਦੂ ਧਰਮ ਅਤੇ ਮੁਸਲਮ-ਮਤ ਦਾ ਭੀ ਪੂਰਾ ਪੂਰਾ ਸਤਿਕਾਰ ਕੀਤਾ, ਪਰੰਤੂ ਹਿੰਦੁਸਤਾਨ ਦੇ ਅਜ਼ਾਦ ਹੋਣ ਉਪਰੰਤ ਜੋ ਕਾਨੂੰਨ ਬਣਾਇਆ ਗਿਆ, ਉਸ ਵਿਚ ਸਿੱਖ-ਧਰਮ ਦੇ ਰਹੁ-ਰੀਤ ਦਾ ਸਤਿਕਾਰ ਅਤੇ ਸੁਰੱਖਿਆ ਲਈ ਕੋਈ ਬਾਨ੍ਹਣੂ ਨਹੀਂ ਹੈ। ਸਗੋਂ ਧਰਮ-ਨਿਰਪੇਖਤਾ ਦੇ ਫਟੇ ਥਲੇ ਸਿੱਖੀ ਨੂੰ ਪਤਿਤ ਕਰ ਕੇ ਖ਼ਤਮ ਕਰਨ ਦੀ ਡੂੰਘੀ ਸਾਜ਼ਿਸ਼ ਦਾ ਸੰਦੇਹ ਹੋਣ ਲਗਾ ਹੈ।

ਪਰਤੱਖ ਹੈ ਅਤੇ ਸਭ ਨੂੰ ਪਤਾ ਹੈ ਕਿ ਸਿੱਖ-ਧਰਮ ਵਿਚ ਤਮਾਕੂ ਦੀ ਸਖ਼ਤ ਮਨਾਹੀ ਹੈ। ਜੋ ਭੀ ਸਿੱਖ ਤਮਾਕੂ ਨੂੰ ਕਿਸੇ ਰੂਪ ਵਿਚ ਵੀ ਵਰਤਦਾ ਹੈ, ਉਹ ਸਿੱਖੀ ਤੋਂ ਪਤਿਤ (ਖ਼ਾਰਜ) ਹੋ ਜਾਂਦਾ ਹੈ। ਉਹ ਸਿੱਖ ਨਹੀਂ ਰਹਿੰਦਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਮਨੁਖ (ਖ਼ਾਲਸਾ) ਦੀ ਸਿਰਜਨਾ ਕਰਨ ਸਮੇਂ ਪੰਜਾਂ ਪਿਆਰਿਆਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਜੋ ਚਾਰ ਕੁਰਹਿਤਾਂ ਤੋਂ ਵਰਜਿਆ ਹੈ ਉਨ੍ਹਾਂ ਚੋਂ ਇਕ ਕੁਰਹਿਤ ਤਮਾਕੂ ਹੈ। ਸਿੱਖ ਨੇ ਕਿਸੇ ਸੂਰਤ ਵਿਚ ਵੀ ਤਮਾਕੂ ਦੇ ਨੇੜੇ ਨਹੀਂ ਜਾਣਾ। ਹਰ ਅੰਮ੍ਰਿਤ-ਧਾਰੀ ਖ਼ਾਲਸਾ ਜੀ ਲਈ ਪੰਜ ਕਕਾਰਾਂ ਦੀ ਰਹਿਤ ਅਤੇ ਚਾਰ ਕੁਰਹਿਤਾਂ ਤੋਂ ਬਚਣਾ ਜ਼ਰੂਰੀ ਹੈ। ਕਿਰਪਾਨ ਸਿੱਖੀ ਰਹਿਤ ਦੇ ਪੰਜ ਕਕਾਰਾਂ ਚੋਂ ਇਕ ਹੈ, ਜਿਸ ਬਾਰੇ ਭਾਰਤ ਸਰਕਾਰ ਕਿਸੇ ਨਾ ਕਿਸੇ ਬਹਾਨੇ ਪਾਬੰਦੀ ਲਾਉਣ ਲਈ ਤਤਪਰ ਹੈ।

ਅਜ ਸਾਰਾ ਸੰਸਾਰ ਮਨੁੱਖੀ ਸਿਹਤ ਲਈ ਤਮਾਕੂ ਤੋਂ ਬਚਣ ਲਈ ਸੋਚਵਾਨ ਹੈ। ਸਿਹਤ ਕਾਇਮ ਰਖਣ ਖ਼ਾਤਰ ਹੀ ਦੂਜੇ ਮੁਲਕਾਂ ਨੇ ਤਮਾਕੂ ਪੀਣ ਨੂੰ ਠਲ੍ਹ ਪਾਉਣ ਲਈ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾ ਰਖੀਆਂ ਹਨ। ਅਮਰੀਕਾ ਵਿਚ ਹੋ ਰਹੀ ਨਵੀਂ ਖੋਜ ਦਾ ਸਿੱਟਾ ਉਥੋਂ ਦੇ ਮਾਸਕ ਪੱਤਰ PLAIN TRUTH (ਨਿਰੋਲ ਸੱਚ) ਨੇ ਫ਼ਰਵਰੀ 1981 ਦੇ ਅੰਕ ਵਿਚ ਦਿੰਦਿਆਂ ਲਿਖਿਆ ਹੈ–

"ਵਿਗਿਆਨਕ ਖੋਜ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਦੂਸਰਿਆਂ ਦੀ ਹਾਜ਼ਰੀ ਵਿਚ ਤਮਾਕੂ ਪੀਣਾ, ਉਨ੍ਹਾਂ ਉਤੇ ਹਮਲਾ ਕਰਨ, ਉਨ੍ਹਾਂ ਨਾਲ ਦੁਸ਼ਮਣੀ ਕਮਾਉਣ ਅਤੇ ਵਾਸਤਵ ਵਿਚ ਉਨ੍ਹਾਂ ਨੂੰ ਜ਼ਹਿਰ ਦੇਣ ਦੇ ਤੁਲ ਹੈ।... ...ਤਮਾਕੂ ਵਿਚ ਨੁਕਸਾਨ ਪਹੁੰਚਾਉਣ ਵਾਲੀ ਮਾਰੂ ਚੀਜ਼ 'ਨਿਕੋਟੀਨ' ਹੈ।......ਵਿਸ਼ਵ-ਸਿਹਤ-ਸੰਸਥਾ ਦੀ ਖੋਜ ਅਨੁਸਾਰ ਜੇ ਤਮਾਕੂ ਨਾ ਪੀਣ ਵਾਲਾ ਸਿਗਰਟ ਦੇ


www.AKJ.Org

ਧੂੰਏਂ ਨਾਲ ਭਰੇ ਹੋਏ ਕਮਰੇ ਵਿਚ ਇਕ ਘੰਟੇ ਦਾ ਸਮਾਂ ਬਤੀਤ ਕਰੇ ਤਾਂ ਉਸ ਦੇ ਅੰਦਰ ਇਤਨੀ ਨਿਕੋਟੀਨ ਚਲੀ ਜਾਂਦੀ ਹੈ ਜਿਤਨੀ ਕਿ ਇਕ ਸਿਗਰਟ ਪੀਣ ਨਾਲ। ਹੋ ਸਕਦਾ ਹੈ ਕਿ ਕਈ ਸਿਗਰਟ ਪੀਣ ਵਾਲੇ ਇਹ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਦਾ ਛਡਿਆ ਹੋਇਆ ਧੂੰਆਂ ਵਾਸਤਵ ਵਿਚ ਦੂਸਰਿਆਂ ਲਈ ਹਾਨੀਕਾਰਕ ਹੈ।... . ਤਮਾਕੂ ਪੀਣ ਨਾਲ ਜਿੰਨੀ ਮਾਤ੍ਰਾ ਵਿਚ ਜ਼ਹਿਰੀਲੇ ਮਾਦੇ ਕਿਸੇ ਪਿਅੱਕੜ ਦੇ ਅੰਦਰ ਪ੍ਰਵੇਸ਼ ਕਰਦੇ ਹਨ, ਉਸ ਤੋਂ ਜ਼ਿਆਦਾ ਉਨ੍ਹਾਂ ਵਲੋਂ ਕਢੇ ਗਏ ਧੂੰਏਂ ਵਿਚ ਹੁੰਦੇ ਹਨ .....।''

ਸਿੱਖ ਧਰਮ ਵਿਚ ਤਾਂ ਤਮਾਕੂ ਦੀ ਧਾਰਮਕ ਤੌਰ ਪਰ ਹੀ ਮਨਾਹੀ ਹੈ। ਇਸ ਬਾਰੇ ਭਾਰਤੀ ਕਾਨੂੰਨ ਵਿਚ ਕੋਈ ਵਿਵਸਥਾ (arrangement) ਨਹੀਂ ਹੈ।

ਅੰਮ੍ਰਿਤਧਾਰੀ (ਖ਼ਾਲਸਾ) ਨੇ ਭਾਰਤੀ ਹੁੰਦਿਆਂ ਸਾਰੇ ਭਾਰਤ ਵਿਚ ਵਿਚਰਨਾ ਹੈ। ਪਰੰਤੂ ਇਸ ਵੇਲੇ ਸਿੱਖਾਂ ਲਈ ਵਿਚਰਨਾ ਮੁਸ਼ਕਲ ਬਣਿਆ ਪਿਆ ਹੈ, ਕਿਉਂਕਿ ਹਰ ਥਾਂ ਤੰਬਾਕੂ ਦੀ ਭਰਮਾਰ ਹੈ, ਹਰ ਸਟੇਸ਼ਨ, ਹਰ ਬਸ ਅੱਡੇ, ਹਰੇਕ ਕਚਹਿਰੀ ਵਿਚ, ਹਰੇਕ ਡਾਕਖਾਨੇ ਚਿ, ਹਰੇਕ ਹੋਟਲ ਵਿਚ, ਬਲਕਿ ਕਈ ਥਾਈਂ ਤਾਂ ਜਾਣ ਬੁਝ ਕੇ ਇਹੋ ਜਿਹੀਆਂ ਹਰਕਤਾਂ ਤਮਾਕੂ ਪੀਣ ਵਾਲੇ ਕਰਦੇ ਹਨ ਜਿਸ ਨਾਲ ਸਿੱਖ ਜਾਂ ਤਾਂ ਜ਼ਲੀਲ ਹੋਣ ਜਾਂ ਲੜਾਈ-ਝਗੜਾ ਕਰਨ ਲਈ ਮਜਬੂਰ ਹੋਣ, ਅਤੇ ਅਜਿਹਾ ਕਈ ਥਾਈਂ ਹੋ ਭੀ ਚੁਕਾ ਹੈ। ਅਤੇ ਫਿਰ ਸਿੱਖਾਂ ਨੂੰ ਵਧੀਕੀ ਕਰਨ ਦਾ ਜ਼ਿਮੇਵਾਰ ਠਹਿਰਾਇਆ ਜਾਂਦਾ ਹੈ।

ਕਿਸੇ ਭੀ ਹੋਟਲ, ਢਾਬੇ ਜਾਂ ਹਲਵਾਈ ਅਤੇ ਹੋਰ ਖਾਣ ਪੀਣ ਵਾਲੀਆਂ ਚੀਜ਼ਾਂ ਦੀਆਂ ਦੁਕਾਨਾਂ ਉਤੇ ਸਿੱਖਾਂ ਲਈ ਕੋਈ ਸੁਰਖਿਆ ਨਹੀਂ ਹੈ, ਕਿਉਂਕਿ ਭਾਰਤੀ ਕਾਨੂੰਨ ਵਿਚ ਅਜਿਹੀ ਕੋਈ ਪਾਬੰਦੀ ਨਹੀਂ ਹੈ ਕਿ ਰੋਜ਼ਾਨਾ ਵਰਤੋਂ ਅਤੇ ਖਾਣ ਪੀਣ ਵਾਲੀ ਵਸਤੂ ਦਾ ਵਿਕਰੇਤਾ ਤਮਾਕੂ ਨਾ ਵਰਤੇ ਅਤੇ ਨਾ ਹੀ ਵੇਚੇ।

ਕੀ ਇਹ ਧਰਮ-ਨਿਰਪੇਖਤਾ ਹੈ ਜਾਂ ਧਰਮ ਨਿਸ਼ੇਧਤਾ ?

ਸੋ ਸਿੱਖਾਂ ਨੂੰ ਬੜੀ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਤਮਾਕੂ ਦੀ ਵਰਤੋਂ ਜਾਂ ਵੇਚਣ ਵਾਲੀ ਦੁਕਾਨ ਤੋਂ ਉਸ ਨੇ ਖਾਣ ਪੀਣ ਦੀ ਕੋਈ ਚੀਜ਼ ਲੈਣੀ ਹੈ ? ਪਿੰਡਾਂ ਵਿਚ ਤਾਂ ਆਮ ਤੌਰ ਤੇ ਕਰਿਆਨੇ ਦੀ ਦੁਕਾਨ ਵਾਲੇ ਤਮਾਕੂ ਭੀ ਨਾਲ ਹੀ ਵੇਚਦੇ ਹਨ, ਕੋਈ ਭਿੰਨ-ਭੇਦ ਨਹੀਂ, ਅਤੇ ਇਸ ਤਰ੍ਹਾਂ ਪਤਿਤ-ਪੁਣੇ ਦਾ ਵਾਧਾ ਹੋ ਰਿਹਾ ਹੈ। ਸਿਖ ਕਿਧਰ ਨੂੰ ਜਾਣ ? ਕੀ ਕਰਨ ? ਕੀ ਅਜ਼ਾਦ ਭਾਰਤ ਵਿਚ ਸਿਖਾਂ ਲਈ ਇਹੋ ਹੀ ਅਜ਼ਾਦੀ ਹੈ ? ਸਿਖੀ-ਰਹੁਰੀਤਾਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ, ਕੋਈ ਕਾਨੂੰਨੀ ਰੋਕ ਨਹੀਂ ਤਮਾਕੂ ਬਾਰੇ। ਹੋਰ ਤਰਮੀਮਾਂ ਹੋ ਸਕਦੀਆਂ ਹਨ, ਹੋਰ ਕਾਨੂੰਨ ਬਣਾਏ ਜਾ ਸਕਦੇ ਹਨ, ਪਰੰਤੂ ਤਮਾਕੂ ਦੀ ਬੁਰਿਆਈ ਨੂੰ ਮਹਿਸੂਸ ਕਰਦੇ ਹੋਇਆਂ ਵੀ ਇਸ ਦੀ ਰੋਕ-ਥਾਮ ਬਾਰੇ ਕੋਈ ਕਾਨੂੰਨ ਜਾਂ ਤਰਮੀਮ ਇਸ ਲਈ ਨਹੀਂ ਕੀਤੀ ਜਾ ਰਹੀ, ਕਿਉਂਕਿ ਇਹ ਸਿਖ-ਧਰਮ ਦੀ ਰਹੁ-ਰੀਤੀ ਵਿਚ ਵਿਵਰਜਿਤ ਹੈ।

ਕੀ ਧਰਮ ਨਿਰਪੇਖਤਾ ਦਾ ਢੰਡੋਰਾ ਪਿਟਦੀ ਭਾਰਤ ਸਰਕਾਰ ਸਿਖ-ਧਰਮ ਦੀ ਸੁਰਖਿਆ ਲਈ ਸਤਿਕਾਰ ਵਜੋਂ ਤਮਾਕੂ ਦੀ ਖੁਲ੍ਹੇ ਆਮ ਵਰਤੋਂ ਉਤੇ ਸਖ਼ਤੀ ਨਾਲ ਕਾਨੂੰਨ ਲਾਗੂ ਨਹੀਂ ਕਰ ਸਕਦੀ, ਜਦ ਕਿ ਹਿੰਦੂ-ਧਰਮ ਦੇ ਸਤਿਕਾਰ ਵਜੋਂ ਗਊ ਨੂੰ ਮਾਰਨਾ ਤੇ ਖਾਣਾ ਵਿਵਰਜਿਤ ਹੈ ਅਤੇ ਮੁਸਲਮਾਨਾਂ ਲਈ ਸੂਰ ਖਾਣਾ ਵਿਵਰਜਿਤ ਹੈ। ਕਿੰਨੇ ਝਗੜੇ ਅਤੇ ਫਸਾਦ, ਜੋ ਕੇਵਲ ਇਸੇ ਕਾਰਨ ਹੁੰਦੇ ਹਨ, ਟਾਲੇ ਜਾ ਸਕਦੇ ਹਨ, ਜੇਕਰ ਸਾਂਝੇ ਥਾਵਾਂ ਤੇ ਖੁਲ੍ਹੇ ਆਮ ਤਮਾਕੂ ਦੀ ਵਰਤੋਂ ਤੇ ਰੋਕ ਲਾਈ ਜਾਵੇ।

ਜੋ ਭੀ ਕੋਈ ਤਮਾਕੂ ਜਾਂ ਸਿਗਰਟ-ਨੋਸ਼ੀ ਕਰਦਾ ਹੈ ਜਾਂ ਵੇਚਦਾ ਹੈ, ਉਸ ਨੂੰ ਹੋਰ ਕੋਈ ਖਾਣ ਪੀਣ ਜਾਂ ਵਰਤੀ ਜਾਂਦੀ ਵਸਤੂ ਦੀ ਵਿਕਰੀ ਕਰਨ ਤੇ ਭੀ ਰੋਕ ਲਾਉਣੀ ਜ਼ਰੂਰੀ ਹੈ।

ਸਿਖੀ ਨੂੰ ਪਤਿਤ ਕਰਨ ਅਤੇ ਸਿਖੀ-ਰਹੁ-ਰੀਤਾਂ ਦੀ ਕਦਰੋ-ਕੀਮਤ ਬਰਕਰਾਰ ਰਖਣ ਲਈ ਹਰੇਕ ਅੰਮ੍ਰਿਤਧਾਰੀ ਨੂੰ ਸੁਚੇਤ ਹੋ ਕੇ ਵਿਚਰਨ ਦੀ ਲੋੜ ਹੈ, ਤਾ ਜੁ 'ਖਾਲਸਾ ਪੰਥ' ਦੀ ਵਿਲੱਖਣਤਾ ਨੂੰ ਨਿਖਾਰ ਕੇ ਦਰਸਾਇਆ ਜਾ ਸਕੇ।

www.AKJ.Org

# ਸਿਖ ਲਈ ਕੇਸ ਤੇ ਖੰਡੇ ਦੀ ਪਾਹੁਲ ਦੋਵੇਂ ਜ਼ਰੂਰੀ

[ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਫ਼ਿਰੋਜ਼ਪੁਰ]

ਜਗਤ-ਜਲੰਦੇ ਨੂੰ ਤਾਰਦੇ ਹੋਏ, ਭੁਲਿਆਂ ਭਟਕਦਿਆਂ ਨੂੰ ਅਕਾਲ ਪੁਰਖ ਦੇ ਲੜ ਲਾਉਂਦੇ ਹੋਏ ਅਤੇ ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦਾ ਉਪਦੇਸ਼ ਦਿੰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਇਸਲਾਮ ਧਰਮ ਦੇ ਗੜ੍ਹ ਮੱਕੇ ਵਿਚ ਪੁਜੇ। ਮੱਕੇ ਵਿਖੇ ਆਪ ਜੀ ਨੇ ਜ਼ਾਹਰੀ ਕਲਾ ਵਿਖਾ ਕੇ ਉਥੋਂ ਮਜੋਰਾਂ ਤੇ ਪੀਰਾਂ ਨੂੰ ਰੱਬ ਦਾ ਘਰ ਹਰ ਪਾਸੇ ਦਰਸਾਇਆ। ਤਾਂ ਉਥੋਂ ਦੇ ਕਾਜ਼ੀ ਮੁਲਾਂ ਅਤੇ ਪੀਰ ਫ਼ਕੀਰ ਗੁਰੂ ਸਾਹਿਬ ਨਾਲ ਚਰਚਾ ਕਰਨ ਲਈ ਆਣ ਜੁੜੇ। ਉਹ ਪੁਛਣ ਲਗੇ ਕਿ ਹਿੰਦੂ ਵਡਾ ਕਿ ਮੁਸਲਮਾਨ ? ਗੁਰੂ ਜੀ ਦਾ ਫ਼ੁਰਮਾਨ ਭਾਈ ਸਾਹਿਬ ਭਾਈ ਗੁਰਦਾਸ ਜੀ ਇਉਂ ਲਿਖਦੇ ਹਨ–

ਬਾਬਾ ਆਖੇ ਹਾਜੀਆ, ਸੁਭ ਅਮਲਾ ਬਾਝਹੁ ਦੋਨੋ ਰੋਈ ॥
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ ॥੩੩॥੧॥

ਸਤਿਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਉਨ੍ਹਾਂ ਨੂੰ ਬੜੀ ਅੱਗ ਲਗੀ। ਫਿਰ ਪੀਰ ਬਹਾਉਦੀਨ ਨੇ ਹੌਸਲਾ ਕਰ ਕੇ ਪੁਛ ਹੀ ਲਿਆ ਕਿ ਆਪ ਜੀ ਨੇ ਕਿਸ ਬਿਆਨ ਤੇ ਹਿੰਦੂਆਂ ਮੁਸਲਮਾਨਾਂ ਦੋਹਾਂ ਨੂੰ ਨਿੰਦ ਦਿਤਾ ਹੈ ? ਜਨਮਸਾਖੀ ਦਾ ਕਰਤਾ ਇਸ ਦਾ ਉਤਰ ਗੁਰੂ ਸਾਹਿਬ ਵਲੋਂ ਇਉਂ ਲਿਖਦਾ ਹੈ–

ਆਖੀਂ ਨਾਨਕ ਸ਼ਾਹ ਸਚ, ਸੁਣਹੁ ਬਹਾਉਦੀਨ ਪੀਰ ॥
ਹਿੰਦੂ ਮੁਸਲਮਾਨ ਦੁਇ, ਸਿਰ-ਗੁੰਮ ਥੀਏ ਜ਼ਹੀਰ ॥

ਭਾਵ, ਹਿੰਦੂ ਮੁਸਲਮਾਨ ਦੋਵੇਂ ਸਿਰ ਦੇ ਵਾਲ ਮੁਨਾਣ ਕਰਕੇ ਡਾਢੇ ਦੁਖੀ ਹੋ ਰਹੇ ਹਨ।

ਮਨੁੱਖ ਰੱਬ ਦੀ ਬਖਸ਼ਸ਼ 'ਕੇਸ' ਜਨਮ ਤੋਂ ਨਾਲ ਲੈ ਕੇ ਆਇਆ ਹੈ । ਜੋ ਇਨ੍ਹਾਂ ਨੂੰ ਖ਼ੁਦਾਈ ਅਮਾਨਤ ਸਮਝ ਕੇ ਸੰਭਾਲ ਕੇ ਰਖਦਾ ਹੈ, ਉਹ ਰੱਬ ਦੇ ਹੁਕਮ ਵਿਚ ਰਹਿਣ ਵਾਲਾ ਨੇਕ ਬੰਦਾ ਹੈ। ਸ਼ੈਤਾਨ ਦੇ ਗੁਮਰਾਹ ਕੀਤੇ ਹੋਏ ਬੰਦੇ ਕੇਸ ਕਟਾ ਕੇ, ਰੱਬ ਦੀ ਰਹਿਮਤ ਤੋਂ ਵਾਂਝੇ ਹੋ ਰਹੇ ਹਨ, ਉਨ੍ਹਾਂ ਨੂੰ ਰੱਬੀ ਦਰਗਾਹ ਵਿਚ ਥਾਂ ਨਹੀਂ ਮਿਲਣੀ। ਭਾਈ ਬਾਲੇ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਜੋ ਪੁਰਸ਼ ਕੇਸ ਰਖੇ, ਦਸਾਂ ਨਹੁੰਆਂ ਦੀ ਕਿਰਤ ਕਰ ਕੇ ਖਾਵੇ ਅਤੇ ਹਰਾਮ ਦੀ ਕਮਾਈ ਤੋਂ ਦੂਰ ਰਹੇ, ਅਜਿਹੇ ਪੁਰਸ਼ ਦੇ ਸਾਹਮਣੇ ਦੁਨੀਆ ਦੀ ਤਾਂ ਗੱਲ ਹੀ ਕੋਈ ਨਹੀਂ, ਖ਼ੁਦ ਖ਼ੁਦਾ ਵੀ ਉਸ ਦੇ ਅਦਬ ਨਾਲ ਪੇਸ਼ ਆਉਂਦਾ ਹੈ।

ਜਨਮ ਸਾਖੀ ਦੇ ਉਪਰੋਕਤ ਬਚਨਾਂ ਤੋਂ ਸਿਧ ਹੁੰਦਾ ਹੈ ਕਿ ਕੇਸ ਰਖਣਾ ਹਰ ਇਨਸਾਨ ਦਾ ਪਰਮ ਧਰਮ ਹੈ ਅਤੇ ਇਸ ਅਮੋਲਕ ਦਾਤਿ ਨੂੰ ਸੰਭਾਲ ਕੇ ਰਖਣ ਵਾਲਾ ਹੀ ਦੋਹਾਂ ਜਹਾਨਾਂ ਵਿਚ ਵਡਿਆਈ ਪਾ ਸਕਦਾ ਹੈ। ਪਰ ਵਾਹਿਗੁਰੂ ਦੀ ਦਿਤੀ ਅਮਾਨਤ ਵਿਚ ਖ਼ਿਆਨਤ ਕਰਨ ਵਾਲਾ ਪੁਰਸ਼ ਪਰਲੇ ਦਰਜੇ ਦਾ ਬੇ-ਈਮਾਨ ਹੈ, ਪਖੰਡੀ, ਭੇਖੀ ਅਤੇ ਕਪਟੀ ਹੈ ।

ਹੁਣ ਵੇਖਣਾ ਇਹ ਹੈ ਕਿ ਕੀ ਅੰਮ੍ਰਿਤ ਛਕੇ ਅਤੇ ਕੇਸ ਰਖੇ ਬਿਨਾਂ ਵੀ ਕੋਈ ਸਿਖ ਜਾਂ ਸਹਿਜਧਾਰੀ ਸਿਖ ਆਦਿ ਸਦਵਾ ਸਕਦਾ ਹੈ ? ਗੁਰਮਤਿ ਦੀ ਰੌਸ਼ਨੀ ਵਿਚ ਇਸ ਦਾ ਉਤਰ ਸਦਾ "ਨਹੀਂ" ਵਿਚ ਹੀ ਮਿਲੇਗਾ । ਜਿਸ 'ਸਿੱਖੀ" ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ, ਉਸ ਦੀ ਸੰਪੂਰਨਤਾ ਸ੍ਰੀ ਦਸਮੇਸ਼ ਜੀ ਨੇ 'ਅੰਮ੍ਰਿਤ' ਛਕਾ ਕੇ ਪੂਰੀ ਕੀਤੀ। ਆਪਣੇ ਆਪ ਨੂੰ ਸਿਖ ਅਖਵਾਉਣ ਵਾਲੇ ਹਰੇਕ ਪ੍ਰਾਣੀ ਨੂੰ ਦਸੋਂ ਸਤਿਗੁਰਾਂ ਦੇ ਦ੍ਰਿੜ੍ਹਾਏ ਹੋਏ ਅਸੂਲਾਂ ਤੇ ਚਲਣਾ ਹੋਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਹੀ ਨੌਂ ਜਾਮਿਆਂ ਵਿਚ ਵਿਚਰਦੀ ਹੋਈ ਦਸਵੇਂ ਜਾਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਪਰਵੇਸ਼ ਹੋਈ। ਗੁਰੂ ਕੇ ਸਿਖ ਨੇ ਦਸੋਂ ਹੀ ਜੋਤਿ-ਜਾਮਿਆਂ ਵਿਚ ਵਿਚਰਦੀ ਅਕਾਲੀ ਜੋਤਿ ਦੀ ਸਿੱਖੀ ਧਾਰਨੀ ਹੈ, ਸਿਰਫ ਗੁਰੂ


www.AKJ.Org

ਨਾਨਕ ਦੇਵ ਜੀ ਜਾਂ ਕੇਵਲ ਪਹਿਲੀਆਂ ਨੌਂ ਪਾਤਸ਼ਾਹੀਆਂ ਨੂੰ ਮੰਨਣ ਵਾਲਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਜ-ਕਕ ਰੀ ਰਹਿਤ ਤੋਂ ਕੰਨੀ ਕਤਰਾਣ ਵਾਲਾ ਕਦਾਚਿਤ ਗੁਰੂ ਕਾ ਸਿਖ ਨਹੀਂ ਅਖਵਾ ਸਕਦਾ।

ਅੱਜ ਕਲ੍ਹ "ਸਹਿਜਧਾਰੀ ਸਿੱਖ" ਦੀ ਪ੍ਰੀਭਾਸ਼ਾ ਬੜੀ ਅਸਪਸ਼ਟ ਜਿਹੀ ਬਣ ਚੁਕੀ ਹੈ। 'ਸਹਿਜਧਾਰੀ' ਦਾ ਅਰਥ ਤਾਂ ਇਹ ਹੈ ਕਿਸੇ ਗ਼ੈਰ-ਧਰਮੀ ਵਿਅਕਤੀ ਨੂੰ ਸਰਬ-ਸਾਂਝੇ ਸਿੱਖੀ ਦੇ ਦੈਵੀ ਅਸੂਲ ਪਸੰਦ ਆ ਗਏ ਹਨ ਅਤੇ ਉਹ ਸਹਿਜੇ ਸਹਿਜੇ 'ਸਿਖੀ ਮਾਰਗ' ਵਿਚ ਪਰਵੇਸ਼ ਕਰ ਰਿਹਾ ਹੈ। 'ਸਹਿਜ' ਦੀ ਵੀ ਕੋਈ ਹੱਦ ਹੁੰਦੀ ਹੈ। ਇਹ ਕਦੀ ਵੀ ਮੁਮਕਿਨ ਨਹੀਂ ਹੋ ਸਕਦਾ ਕਿ ਸਦੀਆਂ ਤੇ ਪੁਸ਼ਤਾਂ ਗੁਜ਼ਰ ਜਾਣ ਅਤੇ ਕੁਝ ਖ਼ਾਨਦ ਨਾਂ ਦੇ ਲੋਕੀਂ ਸ਼ੁਰੂ ਤੋ ਬੀੜੀਆਂ ਪੀਂਦੇ, ਹੁੱਕੇ ਚੁੰਘਦੇ, ਦਾੜ੍ਹੀਆਂ ਕੇਸ ਕਤਲ ਕਰਵਾਂਦੇ ਅਤੇ ਸਾਰੇ ਸੰਸਕਾਰ ਹਿੰਦੂ ਧਰਮ ਅਨੁਸਾਰ ਕਰਵਾਂਦੇ ਹੋਏ ਵੀ "ਸਹਿਜਧਾਰੀ ਸਿੱਖ" ਕਹਿਲਾਂਦੇ ਚਲੇ ਆਉਣ। ਫਿਰ ਹਨੇਰ ਦੀ ਗੱਲ ਇਹ ਕਿ ਇਕ ਬੰਦਾ ਫ਼ੈਸ਼ਨਪ੍ਰਸਤੀ ਦੇ ਅਸਰ ਹੇਠ ਇਕ ਸ਼ਹਿਰ ਤੋਂ ਕੇਸ ਕਟਵਾ ਕੇ ਪਤਿਤ ਹੋ ਜਾਏ ਅਤੇ ਕਿਸੇ ਦੂਜੇ ਸ਼ਹਿਰ ਜਾ ਕੇ ਉਹ "ਸਹਿਜਧਾਰੀ ਸਿਖ" ਸਦਵਾਂਦਾ ਹੋਵੇ। ਇਹ ਕਿਤਨੀ ਸ਼ਰਮਨਾਕ ਅਤੇ ਕੋਝੀ ਕਰਤੂਤ ਹੈ ਅਤੇ ਸਰਾਸਰ ਧੋਖਾ ਹੈ।

ਜੋ ਸਹਿਜੇ ਸਹਿਜੇ ਬਦਲੇ, ਭਾਵ ਕੇਸ ਰਖ ਕੇ ਅੰਮ੍ਰਿਤ ਪਾਨ ਕਰਨ ਲਈ ਤਿਆਰ ਹੁੰਦਾ ਜਾਵੇ, ਉਹ ਹੀ 'ਸਹਿਜਧਾਰੀ' ਹੋ ਸਕਦਾ ਹੈ; ਨਾ ਕਿ ਉਹ ਜੋ ਪੀੜ੍ਹੀਆਂ ਗੁਜ਼ਰ ਜਾਣ ਬਾਅਦ ਵੀ ਨਹੀਂ ਬਦਲਿਆ। ਅਜਿਹੇ ਪੁਰਸ਼ ਨੂੰ ਸਤਿਗੁਰੂ ਭੇਖੀ ਤੇ ਮੂਰਖ ਅਖਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ "ਸਾਬਤ ਸੂਰਤਿ ਦਸਤਾਰ ਸਿਰਾ" (ਪੰਨਾ ੧੦੮੫) ਅਨੁਸਾਰ "ਕੇਸ" ਸਿਖੀ ਦੀ 'ਮੋਹਰ' ਹਨ, ਅਤੇ ਦਸਤਾਰ ਸਿਰ ਤੇ ਬੰਨ੍ਹਣੀ ਕੇਸਾਂ ਦੀ ਸੰਭਾਲ ਲਈ ਜ਼ਰੂਰੀ ਹੈ। ਕੇਸਾਂ ਦਾ ਤ੍ਰਿਸਕਾਰ ਕਰਨ ਵਾਲਿਆਂ ਨੂੰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੁਰਾ ਕਿਹਾ ਹੈ। ਮੱਕੇ ਵਿਚ ਕਾਜ਼ੀ ਰੁਕਨਦੀਨ ਨਾਲ ਚਰਚਾ ਕਰਦਿਆਂ ਜਨਮ ਸਾਖੀ ਦੇ ਸ਼ਬਦਾਂ ਅਨੁਸਾਰ ਆਪ ਜੀ ਨੇ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਪ੍ਰਤੀ ਫ਼ੁਰਮ ਇਆ ਸੀ :-

ਸਾਬਤ ਸੂਰਤ ਰਬ ਦੀ, ਭੰਨੇ ਬੇਈਮਾਨ। ਦਰਗਹਿ ਢੋਈ ਨ ਮਿਲੈ ਕਾਫਰ ਕੁਤਾ ਸ਼ੈਤਾਨ॥

ਅਤੇ—ਸਾਬਤ ਸੂਰਤ ਰਬ ਦੀ ਬਣਾਈ। ਬੇਈਮਾਨ ਨੇ ਭੰਨ ਗੰਵਾਈ।

ਗੁਰਬਾਣੀ ਅਤੇ ਸਿਖ ਰਹਿਤਨ ਮਿਆਂ ਵਿਚ ਅਨੇਕ ਥਾਈਂ ਕੇਸਾਂ ਦੀ ਰਹਿਤ ਧਾਰਨ ਕਰਨ ਤੇ ਜ਼ੋਰ ਦਿਤਾ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਜੀ ਪ੍ਰਤੀ ਇਕ ਦਿਨ ਫੁਰਮਾਇਆ :-

ਜੋ ਮੇਰਾ ਸਿਖ ਹੋਸੀ, ਸੋ ਉਸਤਰਾ ਨਾ ਲਾਵਸੀ। ਅਤੇ ਮੇਰੇ ਸਿਖ ਨੇ ਜਿਹਾ ਉਸਤਰਾ ਲਾਇਆ ਅਤੇ ਦਾੜ੍ਹੀ ਮੁੰਨੀ, ਤੇਹਾ ਧੀ ਨਾਲ ਸੰਗ ਕੀਤਾ। (ਸਾਖੀ ਰਹਿਤ ਕੀ-ਭਾਈ ਨੰਦ ਲਾਲ ਜੀ)

ਅਸਲੀ ਗੱਲ ਤਾਂ ਇਹ ਹੈ ਕਿ ਅਸੀਂ ਇਸ ਲਈ ਅੰਮ੍ਰਿਤ ਛਕਦੇ ਹਾਂ ਅਤੇ ਕਕਾਰਾਂ ਦੀ ਰਹਿਤ ਰਖਦੇ ਹਾਂ ਕਿ ਸਾਨੂੰ ਸੱਚੇ ਪਾਤਸ਼ਾਹ ਜੀ ਦਾ ਅਜਿਹਾ ਹੁਕਮ ਹੈ ਅਤੇ ਹੁਕਮ ਅਸਾਂ ਹਰ ਹਾਲਤ ਵਿਚ ਮੰਨਣਾ ਹੈ, ਚਾਹੇ ਕੁਛ ਹੋਵੇ। ਇਹੋ ਹੀ ਸਿੱਖੀ ਹੈ—

੧. ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ॥ (ਪੰਨਾ ੬੦੧-੦੨)

੨, ਗੁਰਸਿਖ ਮੀਤ ਚਲਹੁ ਗੁਰ ਚਾਲੀ॥
ਜੋ ਗੁਰੁ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ॥੧॥ਰਹਾਉ॥ (ਪੰਨਾ ੬੬੭)

[ਬਾਕੀ ਦੇਖੋ ਸਫ਼ਾ ੩੨ ਦੇ ਹੇਠ]


www.AKJ.Org

# ਸਿਖੀ ਜੀਵਨ ਵਿਚ ਸਿਦਕ-ਭਾਵਨਾ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਜ਼ਿਲਾ ਗੁੜਗਾਉਂ (ਹਰਿਆਨਾ)]

ਗੁਰਸਿੱਖੀ ਜੀਵਨ-ਮਹਿਲ ਦੀ ਬੁਨਿਆਦ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਆਦਿ ਸਤਿਗੁਰੂ ਜੀ ਨੇ ਸੇਵਾ ਸਿਮਰਨ ਦੀਆਂ ਨੀਂਹਾਂ ਤੇ ਖੜੀ ਕੀਤੀ। ਉਨ੍ਹਾਂ ਦੇ ਅਧਿਕਾਰੀ ਗੁਰੂ ਜੋਤਾਂ ਨੇ ਸਚਾਈ, ਮਿੱਠਤ, ਸਹਿਨਸ਼ੀਲਤਾ, ਏਕਤਾ, ਮਾਨਵ-ਪਿਆਰ ਆਦਿ ਸਦ ਗੁਣਾਂ ਦੀਆਂ ਇੱਟਾਂ ਤੇ ਮਸਾਲੇ ਨਾਲ ਇਸ ਮਹਿਲ ਦੀ ਉਸਾਰੀ ਕੀਤੀ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਗ ਤੇ ਕੁਰਬਾਨੀ ਦੇ ਜਜ਼ਬੇ ਨਾਲ ਸਰਵੰਸ ਦਾ ਖ਼ੂਨ ਲਾ ਕੇ ਇਸ ਨੂੰ ਰੰਗੀਨ ਬਣਾਇਆ। ਇਸ ਮਹਿਲ ਦੇ ਧੁਰ ਉੱਪਰ (ਸਹਿਜ ਅਵਸਥਾ ਤੇ) ਪੁੱਜਣ ਲਈ ਯਕੀਨ, ਪ੍ਰਤੀਤ, ਸ਼ਰਧਾ ਦੀਆਂ ਪੌੜੀਆਂ ਚੜ੍ਹਾਈਆਂ। ਪਹਿਲੀ ਪੌੜੀ ਸਿਦਕ ਦੀ ਹੈ, ਜਿਸ ਉੱਪਰ ਪੈਰ ਰੱਖ ਕੇ ਗੁਰਸਿੱਖ ਨੇ ਉਪਰ ਪੁਜਣਾ ਹੈ। ਜਿਵੇਂ ਕਿਸੇ ਜ਼ੀਨੇ ਦੀ ਪਹਿਲੀ ਪੌੜੀ ਨਾ ਹੋਵੇ ਤਾਂ ਛੱਤ ਉਪਰ ਪੁਜਣਾ ਸੌਖੇ ਹੀ ਨਹੀਂ, ਸਗੋਂ ਅਸੰਭਵ ਹੈ, ਤਿਵੇਂ ਗੁਰਸਿੱਖੀ ਜੀਵਨ ਵਿਚ ਸਿਦਕ ਦੀ ਘਾਟ ਹੋਣ ਕਰਕੇ ਮੰਜ਼ਲ (ਨਾਮ-ਪ੍ਰਾਪਤੀ) ਤੇ ਨਹੀਂ ਪੁਜਿਆ ਜਾ ਸਕਦਾ। ਗੁਰੂ-ਹੁਕਮਾਂ ਤੇ ਯਕੀਨ ਅਤੇ ਉਪਦੇਸ਼ਾਂ ਤੇ ਅਮਲ ਕਰਨ ਕਰਕੇ ਹੀ ਸਿਦਕ ਦੀ ਅਮੁੱਲ ਦਾਤਿ ਪ੍ਰਾਪਤ ਹੁੰਦੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:–

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾ॥
ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ॥੨॥੨॥

(ਸਿਰੀਰਾਗ ਕੀ ਵਾਰ, ਮ: ੧, ਪੰਨਾ ੮੩)

ਭਾਵ:–ਸਾਦਕਾਂ (ਯਕੀਨ ਵਾਲਿਆਂ) ਨੂੰ ਹੀ ਸਿਦਕ ਤੇ ਸਬੂਰੀ (ਰਜ਼ਾ ਵਿਚ ਰਾਜ਼ੀ ਰਹਿਣ) ਦੀ ਦਾਤਿ ਮਿਲਦੀ ਹੈ ਤੇ ਰਜ਼ਾ ਵਿਚ ਰਾਜ਼ੀ ਰਹਿਣਾ (ਭਾਣਾ ਮੰਨਣਾ) ਮਲਾਇਕਾਂ (ਫ਼ਰਿਸ਼ਤਿਆਂ ਦੇਵਤਿਆਂ) ਵਾਲੀ ਭਾਵਨਾ ਹੈ। ਇਸ ਦਸ਼ਾ ਵਿਚ ਵਿਚਰਦਿਆਂ ਪੂਰੇ ਪ੍ਰਭੂ ਦਾ ਦੀਦਾਰ ਪਾਇਆ ਜਾ ਸਕਦਾ ਹੈ। ਇਥੇ ਮੂਰਖਾਂ ਗਪੌੜੂਆਂ ਦੀ ਥਾਂ ਨਹੀਂ, ਜਿਨ੍ਹਾਂ ਨੇ ਗੁਰਸਿੱਖੀ ਰਹਿਤ ਰਹਿਣੀ ਉਪਰ ਕੁਤਰਕਾਂ ਕਰਨੀਆਂ, ਉਜ਼ਰ ਬਹਾਨੇ ਲਾਉਣੇ ਤੇ ਪ੍ਰਸ਼ਨ ਉਤਰ ਕਰਨੇ ਹਨ। ਸਤਿਗੁਰੂ ਅੰਗਦ ਦੇਵ ਜੀ ਨੇ ਐਸੇ ਸਿਦਕ-ਹੀਣ ਹੁਜਤੀਆਂ ਨੂੰ ਮੁਢ ਤੋਂ ਹੀ ਭੁੱਲੇ ਹੋਏ ਕਥਨ ਕੀਤਾ ਹੈ–

"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥"

ਉਨ੍ਹਾਂ ਦੇ ਪ੍ਰਸ਼ਨ ਉਤਰ ਦੋਵੇਂ ਹੀ ਵਿਅਰਥ ਹਨ, ਇਸ ਕਰਕੇ ਉਨ੍ਹਾਂ ਦੀ ਘਾਲ ਥਾਇ ਨਹੀਂ ਪੈਂਦੀ–

"ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ" ॥੨॥੨੧॥

(ਆਸਾ ਦੀ ਵਾਰ, ਪੰਨਾ ੪੭੪)

ਭਾਈ ਨੰਦ ਲਾਲ ਸਿੰਘ ਦਸਮੇਸ਼ ਪਾਤਸ਼ਾਹ ਜੀ ਦੇ ਆਸ਼ਕ ਸਾਦਕ ਹਜ਼ੂਰੀ ਕਵੀ ਜੀ ਨੇ ਕਥਨ ਕੀਤਾ ਹੈ–

"ਫ਼ਿਦਾਏ ਓ ਸ਼ੌ ਉਜ਼ਰੇ ਮਖ਼ਾਹ ਐ ਗੋਇਆ।
ਕਿ ਦਰ ਤਰੀਕਤੇ-ਮਾ ਈਂਜਾ ਉਜ਼ਰ-ਖ਼ਾਹੀ ਨੇਸਤ।"

ਪੰਜਾਬੀ ਅਨੁਵਾਦ:— ਹੋ ਕੁਰਬਾਨ ਪਿਆਰੇ ਉਪਰੋਂ, ਉਜ਼ਰ ਵਿਚਾਲੇ ਆਣ ਨਹੀਂ।
ਮੱਤ ਅਸਾਡੇ ਦੇ ਵਿਚ ਗੋਇਆ, ਉਜ਼ਰ ਕਰਨ ਪਰਵਾਣ ਨਹੀਂ।

ਜਿਵੇਂ ਸਮੁੰਦਰ ਵਿਚ ਤਰਦੀ ਬੇੜੀ ਅੰਦਰ ਪਿਆ ਇਕ ਛੇਕ ਬੇੜੀ ਨੂੰ ਡੋਬਣ ਦਾ ਕਾਰਨ ਬਣ ਜਾਂਦਾ ਹੈ ਤਿਵੇਂ ਹੀ ਸਿੱਖੀ ਜੀਵਨ ਵਿਚ ਸਿਦਕ ਦੀ ਘਾਟ ਤਰੇੜ ਬਣ ਕੇ ਬੁਨਿਆਦਾਂ ਨੂੰ ਹਿਲਾ ਦੇਂਦੀ ਹੈ ਤੇ



www.AKJ.Org

ਜੀਵਨ-ਮਹਿਲ ਢਹਿ-ਢੇਰੀ ਹੋ ਜਾਂਦਾ ਹੈ।

ਸਿਦਕ ਦੇ ਜਜ਼ਬੇ ਨੂੰ ਕਾਇਮ ਤੇ ਵਧਦਾ ਫੁਲਦਾ ਰਖਣ ਲਈ ਦੋ ਵੇਲੇ ਸਤਿਸੰਗ ਦੀ ਲੋੜ ਹੈ, ਜਿੱਥੇ ਗੁਰਮਤਿ ਵੀਚਾਰਧਾਰਾ ਦੇ ਵਗਦੇ ਸਾਗਰ ਵਿਚੋਂ ਗੁਰਮਤਿ ਗਾਡੀ ਰਾਹ ਤੇ ਨਿਝੱਕ ਹੋ ਕੇ ਟੁਰਦੇ ਜਾਣ ਲਈ ਚਾਨਣ ਮਿਲਦਾ ਹੈ। ਰਜ਼ਾ ਵਿਚ ਰਾਜ਼ੀ ਰਹਿਣ, "ਜੋ ਤੁਧੁ ਭਾਵੈ ਸਾਈ ਭਲੀ ਕਾਰ" ਦੀ ਗੁੜ੍ਹਤੀ ਪ੍ਰਾਪਤ ਹੁੰਦੀ ਹੈ। "ਦੁਖ ਸੁਖ ਦੋਊ ਸਮ ਕਰਿ ਜਾਨੈ" (੧੨੫੬) ਦਾ ਉਦੇਸ਼ ਗ੍ਰਹਿਣ ਕਰਨ ਲਈ ਸਾਧ ਸੰਗਤ ਹੀ ਪ੍ਰੇਰਨਾ-ਸ੍ਰੋਤ ਹੈ। ਸਿਦਕ ਤੇ ਯਕੀਨ ਦੀ ਪ੍ਰਪੱਕਤਾ ਨੂੰ ਸਾਧ ਸੰਗਤ ਵਿਚੋਂ ਹੀ ਚਾਰ ਚੰਨ ਲਗਦੇ ਹਨ। ਫਿਰ ਡੀਗਨ ਡੋਲੇ ਆਪਣੇ ਆਪ ਸਮਾਪਤ ਹੋ ਜਾਂਦੇ ਹਨ। 'ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ"*ਦਾ ਸਬਕ ਦ੍ਰਿੜ੍ਹ ਹੋ ਜਾਂਦਾ ਹੈ ਤੇ ਇੰਜ ਜੀਵਨ-ਬੇੜਾ ਗੁਰੂ ਆਸਰੇ ਠਿਲ੍ਹਦਾ ਪਾਰ ਕਿਨਾਰੇ ਲਗਦਾ ਹੈ।

ਸਿਦਕਵਾਨ ਦੀ ਆਤਮਕ ਦਸ਼ਾ—

ਜੀਵਨ-ਬੇੜਾ ਠੇਲ੍ਹ ਦਿਤੈ ਉਸ ਵਗਦੇ ਸ਼ਹੁ ਦਰਿਆ ਦੇ ਅੰਦਰ।
ਆਪੇ ਪਾਰ ਕਰੇਗਾ ਜਿਸ ਨੇ ਰਖਿਆ ਹੋਇਐ ਰਜ਼ਾ ਦੇ ਅੰਦਰ।
ਕਪਰਾਂ ਦੀ ਨਾ ਚਿੰਤਾ ਏ ਨਾ ਫ਼ਿਕਰ ਕੋਈ ਤੂਫ਼ਾਨਾਂ ਦਾ;
ਸਿਦਕ-ਭਾਵਨਾ ਹੱਦਾਂ ਟਪ ਕੇ ਪੁੱਜੀ ਰੰਗ ਸੁਦਾਅ ਦੇ ਅੰਦਰ।
ਪੱਤਣ ਤੇ ਵੀ ਆਪ ਖਲੋਤੈ ਬੇੜੇ ਦੀਆਂ ਉਡੀਕਾਂ ਵਿੱਚ;
ਲਾਈਟ-ਹਾਊਸ ਬਣ ਚਾਨਣ ਦੇਂਦਾ ਦਿੱਸੇ ਜਲ ਅਸਗਾਹ ਦੇ ਅੰਦਰ।
ਡੋਬੇ ਤਾਰੇ 'ਸਾਦਕ' ਨੂੰ ਇਹ ਫ਼ਿਕਰ ਨਹੀਂ ਇਕ ਰੱਤੀ ਭਰ ਵੀ,
ਉਹ ਤੇ ਲੱਗਾ ਏ ਬਸ 'ਮਿੱਤਰ' ਉਸ ਦੀ ਸਿਫ਼ਤ-ਸਨਾ ਦੇ ਅੰਦਰ।

*ਬਿਲਾਵਲੁ ਮਹਲਾ ੫, ਪੰਨਾ ੮੧੨

---

[ਸਫ਼ਾ ੩੦ ਦੀ ਬਾਕੀ]

੩. ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੈ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ ॥੧੫॥ (ਪੰਨਾ—੪੭੧)

੪. ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ।੨॥੧੮॥ (੨੮੬)

੫. ਇਤੁ ਮਾਰਗਿ ਚਲੇ ਭਾਈਅੜੇ, ਗੁਰੁ ਕਹੈ ਸੁ ਕਾਰ ਕਮਾਇ ਜੀਉ॥ (ਪੰਨਾ—੭੬੩)

ਸਿੱਖੀ ਦੇ ਕਕਾਰ, ਸਿਖ ਜਥੇਬੰਦੀ ਵਿਚ ਦਾਖ਼ਲ ਸੂਰਬੀਰਾਂ ਲਈ ਨੀਅਤ ਵਰਦੀ ਦੀ ਤਰ੍ਹਾਂ ਹਨ। "ਖਾਲਸਾ" 'ਅਕਾਲ ਪੁਰਖ ਦੀ ਫ਼ੌਜ' ਵਿਚ ਜ਼ਿੰਦਗੀ ਭਰ ਲਈ ਦਾਖ਼ਲ ਹੋਇਆ ਹੈ, ਇਸ ਲਈ ਇਸ ਨੇ ਕਦੇ ਵੀ ਅਤੇ ਕਿਸੇ ਕੀਮਤ ਤੇ ਵੀ ਪੰਜ-ਕਕਾਰੀ ਰਹਿਤ ਦਾ ਤਿਆਗ ਨਹੀਂ ਕਰਨਾ।

ਖੰਡੇ ਦੀ ਪਾਹੁਲ ਇਤਨੀ ਜ਼ਰੂਰੀ ਹੈ, ਤਾਹੀਓਂ ਤਾਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪੰਜਾਂ ਪਿਆਰਿਆਂ ਅਗੇ ਹੱਥ ਅਡ ਅੰਮ੍ਰਿਤ ਲਈ ਯਾਚਨਾ ਕੀਤੀ। ਅਤੇ ਫਿਰ ਭਾਈ ਡਲੇ ਤੇ ਭਾਈ ਦਿਆਲ ਦਾਸ ਨੂੰ ਅੰਮ੍ਰਿਤ ਛਕਣ ਲਈ ਪਿਆਰ ਨਾਲ ਬਾਰ ਬਾਰ ਤਕੀਦ ਕੀਤੀ। ਆਪ ਜੀ ਦੇ ਹੁਕਮ 'ਤੇ "ਸਿਰ-ਗੁੰਮਨ ਕੇ ਮੁਖ ਨਹਿ ਲਾਗੋ" ਦੀ ਪਾਲਣਾ ਸਿਖ ਸੰਗਤਾਂ ਨੇ ਸ਼ੋਸ਼ਲ ਬਾਈਕਾਟ ਕਰ ਕੇ ਹਰ ਤਰ੍ਹਾਂ ਪਾਲਣਾ ਕੀਤੀ।

ਤਤਸਾਰ ਇਹ ਹੈ ਕਿ ਜਦੋਂ ਅਸੀਂ ਹੋਏ ਹੀ ਗੁਰੂ ਜੀ ਦੇ ਗੋਲੇ, ਸੇਵਕ ਅਤੇ ਦਾਸ, ਤਾਂ ਫਿਰ ਹੁਕਮ ਮੰਨਣ ਵਿਚ ਦੇਰ ਕਾਹਦੀ!!



www.AKJ.Org

# ਛੋਟੇ ਸਾਹਿਬਜ਼ਾਦੇ

## ਵਜ਼ੀਰ ਖ਼ਾਂ ਸੂਬਾ ਸਰਹੰਦ ਦੀ ਕਚਹਿਰੀ ਵਿਚ

[ਵਲੋਂ – ਸ: ਦਾਨ ਸਿੰਘ ਜੀ ਕੋਮਲ]

**ਵਜ਼ੀਰ ਖ਼ਾਂ**

ਬਾਪ ਤੁਸਾਂ ਦਾ, ਭਾਈ ਤੇ ਸਿੰਘ ਸਾਰੇ,
ਮਾਰੇ ਗਏ, ਬਸ ਬਚੇ ਹੋ ਦੋ ਤੁਸੀਂ।
ਕਲਮਾ ਪੜ੍ਹ ਤੇ ਜੱਗ ਦੀ ਮੌਜ ਮਾਣੋ,
ਤੋੜੋ ਬੱਚਿਓ ਸਿੱਖੀ ਦਾ ਮੋਹ ਤੁਸੀਂ।

**ਜ਼ੋਰਾਵਰ ਸਿੰਘ**

ਤੁਸਾਂ ਰੱਜ ਕੇ ਮਾਰਿਆ ਝੂਠ ਚਿੱਟਾ,
ਸਾਡੇ ਪਿਤਾ ਨੂੰ ਕਾਲ ਨਹੀਂ ਪਹ ਸਕਦਾ।
'ਸਿੰਘਾਂ ਵਿਚੋਂ ਕੋਈ ਰਿਹਾ ਨਾ ਜੀਅ ਬਾਕੀ',
ਪੈਦਾ ਇਹ ਵੀ ਸਵਾਲ ਨਹੀਂ ਹੋ ਸਕਦਾ।
ਧਰਤੀ ਉਲਟ ਸਕਦੀ, ਅੰਬਰ ਡਿੱਗ ਸਕਦੈ,
ਸੱਚ ਅੱਗੇ ਨਹੀਂ ਝੂਠ ਖਲੋ ਸਕਦਾ।
ਤਿੱਪ ਖ਼ੂਨ ਦੀ ਸਾਡੇ ਵਿਚ ਜਦੋਂ ਤੀਕਰ,
ਸਾਡੇ ਧਰਮ ਨੂੰ ਕੋਈ ਨਹੀਂ ਖੋਹ ਸਕਦਾ।

**ਵਜ਼ੀਰ ਖ਼ਾਂ**

ਜੇਕਰ ਦੋਹਾਂ ਨੂੰ ਅਸੀਂ ਰਿਹਾ ਕਰੀਏ,
ਕਿੱਥੇ ਜਾਉਗੇ ਦੋਵੇਂ ਹੀ ਜੀਅ ਤੁਸੀਂ?
ਦੋਵੇਂ ਸਿੱਖ ਇਸ ਏਡੇ ਸੰਸਾਰ ਅੰਦਰ,
ਕਲ੍ਹੇ ਜੀ ਕੇ ਕਰੋਗੇ ਕੀਹ ਤੁਸੀਂ?

**ਫਤਹ ਸਿੰਘ**

ਕਲ੍ਹੇ ਨਹੀਂ ਆਂ, ਵਾਹਿਗੁਰੂ ਨਾਲ ਸਾਡੇ,
ਜੇ ਰਿਹਾ ਕੀਤਾ, ਰਾਹੇ ਪਾ ਦਿਆਂਗੇ।
ਫ਼ੌਜ ਖਾਲਸੇ ਦੀ ਕਰਕੇ ਫੇਰ 'ਕੱਠੀ,
ਅਸੀਂ ਕੇਸਰੀ ਉੱਚਾ ਝੁਲਾ ਦਿਆਂਗੇ।
ਇਸ ਹਕੂਮਤ ਵਿਰੁੱਧ ਫਿਰ ਯੁੱਧ ਕਰ ਕੇ,
ਅਸੀਂ ਜ਼ੁਲਮ ਦਾ ਬੀਜ ਮੁਕਾ ਦਿਆਂਗੇ।
ਜਦ ਤਕ ਜੀਆਂਗੇ, ਜੀਆਂਗੇ ਧਰਮ ਖ਼ਾਤਰ,
ਸਿਰੜ ਵਾਸਤੇ ਸੀਸ ਲਗਾ ਦਿਆਂਗੇ।

**ਸੁੱਚਾ ਨੰਦ**

ਸੂਬਾ ਤੁਸਾਂ ਤੇ ਬੜਾ ਦਿਆਲ ਹੋਇਆ,
ਕਿਉਂ ਨਹੀਂ ਸਮੇਂ ਦਾ ਫ਼ਾਇਦਾ ਉਠਾ ਲੈਂਦੇ?
ਦੋਵੇਂ ਦੀਨ ਇਸਲਾਮ ਕਬੂਲ ਕਰ ਕੇ,
ਕਿਉਂ ਨਹੀਂ ਕੀਮਤੀ ਜਾਨਾਂ ਬਚਾ ਲੈਂਦੇ?

**ਫਤਹ ਸਿੰਘ**

ਹਿੰਦੂ ਜ਼ਾਤੀ ਨੂੰ ਤੂੰ ਕਲੰਕ ਲੱਗੈਂ,
ਝੂਠੇ ਲਾਲਚਾਂ ਵਿਚ ਗਲਤਾਨ ਹੋ ਕੇ।
ਕਿਉਂ ਨਹੀਂ ਆਪ ਤੂੰ ਫ਼ਾਇਦਾ ਉਠਾ ਲੈਂਦਾ,
ਧਰਮ ਛੱਡ ਕੇ ਤੇ ਮੁਸਲਮਾਨ ਹੋ ਕੇ।
ਸਾਡੇ ਸਿਰ ਤੇ ਹੱਥ ਪ੍ਰਮਾਤਮਾ ਦਾ,
ਅਸਾਂ ਵੇਖਿਐ, ਅੰਤਰ ਧਿਆਨ ਹੋ ਕੇ।
ਇਹਨਾਂ ਜਾਨਾਂ ਤੋਂ ਕੀਮਤੀ ਧਰਮ ਸਾਡਾ,
ਧਰਮ ਰੱਖਣਾ, ਅਸਾਂ ਕੁਰਬਾਨ ਹੋ ਕੇ।

**ਸੁੱਚਾ ਨੰਦ**

ਬੱਚੇ ਨਾਗਾਂ ਦੇ ਸਦਾ ਹੀ ਡੰਗ ਮਾਰਨ,
ਭਾਵੇਂ ਕਿੰਨਾ ਵੀ ਦੁੱਧ ਪਿਲਾ ਦੇਵੋ।
ਇਸ ਲਈ ਮੇਰੀ ਇਹ ਰਾਏ ਕਿ ਬੱਚਿਆਂ ਨੂੰ,
ਗ਼ਲਤ ਹਰਫ਼ਾਂ ਦੇ ਵਾਂਗ ਮਿਟਾ ਦੇਵੋ।

**ਜ਼ੋਰਾਵਰ ਸਿੰਘ**

ਝੂਠਾ ਨੰਦ! ਨਹੀਂ ਨਾਗ ਦੇ ਪੁੱਤ ਅਸੀਂ,
ਪੁਤਰ ਸ਼ੇਰ ਦੇ, ਸ਼ੇਰਾਂ ਸਮਾਨ ਅਸੀਂ।
ਗੁਰੂ ਨਾਨਕ ਦੇ ਘਰ ਦੇ ਅਸੀਂ ਵਾਰਸ,
ਅਰਜਨ ਗੁਰੂ ਦੀ ਸੋਢੀ ਸੰਤਾਨ ਅਸੀਂ।
ਅਸੀਂ ਤੇਗ ਬਹਾਦਰ ਦੇ ਪੋਤਰੇ ਹਾਂ,
ਮਹਾਂ-ਬਲੀ ਦਸਮੇਸ਼ ਦੀ ਜਾਨ ਅਸੀਂ।
ਸਿੱਖੀ ਸਿਦਕ ਨਹੀਂ ਕਦੇ ਵੀ ਦੇ ਸਕਦੇ,
ਦੇ ਸਕਦੇ ਹਾਂ, ਬਲੀਦਾਨ ਅਸੀਂ।



www.AKJ.Org

**ਵਜ਼ੀਰ ਖ਼ਾਂ**

ਸਾਰੇ ਮਜ਼੍ਹਬਾਂ ਤੋਂ ਮਜ਼੍ਹਬ ਇਸਲਾਮ ਚੰਗਾ,
ਕੋਈ ਨਹੀਂ ਰੀਸ ਇਸਲਾਮ ਦੀ ਕਰ ਸਕਦਾ।
ਤੁਸੀਂ ਬੱਚਿਓ ਉਇ ਮੁਸਲਮਾਨ ਹੋ ਜਾਓ,
ਮੁਸਲਮਾਨ ਨਹੀਂ ਕਦੇ ਵੀ ਮਰ ਸਕਦਾ।

**ਫਤਹ ਸਿੰਘ**

ਜੇ ਇਸਲਾਮ ਹੈ ਚੰਗਾ, ਤਾਂ ਸਣੇ ਕਾਜ਼ੀ,
ਮੁਸਲਮਾਨ ਇਹ ਕਿਵੇਂ ਸ਼ੈਤਾਨ ਬਣ ਗਏ ?
ਜੇਕਰ ਮੁਸਲਿਮ ਨੇ ਹੁੰਦੇ ਈਮਾਨ ਵਾਲੇ,
ਤਾਂ ਫਿਰ ਇਹ ਕਿੱਦਾਂ ਬੇ-ਈਮਾਨ ਬਣ ਗਏ ?
ਇਹ ਜੋ ਬੈਠੇ ਨੇ ਤੇਰੇ ਦਰਬਾਰ ਅੰਦਰ,
ਤੇਰੇ ਸਣੇ ਕਿਉਂ ਨਹੀਂ ਸਭ ਇਨਸਾਨ ਬਣ ਗਏ?
ਜੇ ਨਹੀਂ ਮੋਮਨਾਂ ਨੂੰ ਕਦੇ ਮੌਤ ਆਉਂਦੀ,
ਮੀਲਾਂ ਤੀਕ ਕਿੰਜ ਇਹ ਕਬਰਸਤਾਨ ਬਣ ਗਏ?

**ਵਜ਼ੀਰ ਖਾਂ**

ਮੰਨੋ ਬੱਚਿਓ ! ਆਓ ਇਸਲਾਮ ਅੰਦਰ,
ਅੱਧਾ ਰਾਜ ਸਰਹਿੰਦ ਦਾ ਦੇ ਦਿਆਂਗਾ।
ਨਾਲੇ ਦਿਆਂਗਾ ਡੋਲੇ ਸ਼ਹਿਜ਼ਾਦੀਆਂ ਦੇ,
ਨਹੀਂ ਤਾਂ ਮਿੱਟੀ ਦੇ ਵਿੱਚ ਮਿਲਾ ਦਿਆਂਗਾ।

**ਦੋਵੇਂ ਸਾਹਿਬਜ਼ਾਦੇ**

ਸਾਡੇ ਧਰਮ ਦੀ ਰੀਤ ਜੋ ਚਲੀ ਆਉਂਦੀ,
ਉਹ ਨਾ ਕਿਸੇ ਤੋਂ ਕਦੇ ਵੀ ਅਟਕਣੀ ਏ।
ਐਪਰ ਤੇਰੀ ਇਸ ਸੜੀ ਸਰਹਿੰਦ ਉੱਤੇ,
ਚੰਡੀ ਬਣ ਬਿਜਲੀ ਵੇਖੀਂ ਕੜਕਣੀ ਏ।
ਐਸੀ ਧਰਮ ਤੇ ਜ਼ੁਲਮ ਦੀ ਖੜਕਣੀ ਏ,
ਇੱਟ ਇੱਟ ਸਰਹੰਦ ਦੀ ਖੜਕਣੀ ਏ।
ਤੈਨੂੰ ਭੱਜਿਆਂ ਰਾਹ ਨਾ ਲੱਭਣਾ ਏ,
ਰੂਹ ਨਰਕ ਵਿਚ ਵੀ ਤੇਰੀ ਭਟਕਣੀ ਏ।

**ਵਜ਼ੀਰ ਖਾਂ**

ਕਾਜ਼ੀ ਸਾਹਿਬ ! ਇਹ ਬੜੇ ਗੁਸਤਾਖ਼ ਬੱਚੇ,
ਦਸੋ ਇਨ੍ਹਾਂ ਨੂੰ ਕੀ ਸਜ਼ਾ ਦੇਈਏ ?
ਦੱਸੋ ਸ਼ਰ੍ਹਾ ਕੀ ਆਖਦੀ ਇਨ੍ਹਾਂ ਬਾਰੇ,
ਕਿਹੜੀ ਮੌਤੇ ਇਹ ਦੋਵੇਂ ਮਰਵਾ ਦੇਈਏ ?

**ਕਾਜ਼ੀ**

ਇਹ ਨੇ ਦੁਸ਼ਮਣ ਦੇ ਬਾਲ, ਨਵਾਬ ਸਾਹਿਬ !
ਜਲਦੀ ਕੰਮ ਮੁਕਾਉਣਾ ਚਾਹੀਦਾ ਏ।
ਸ਼ਰ੍ਹਾ ਆਖਦੀ ਏ, ਇਹਨਾਂ ਕਾਫ਼ਰਾਂ ਨੂੰ,
ਝੱਟ ਪਾਰ ਬੁਲਾਉਣਾ ਚਾਹੀਦਾ ਏ।
ਜਾਂ ਤਾਂ ਕਲਮਾ ਪੜ੍ਹਾ ਕੇ ਇਨ੍ਹਾਂ ਤਾਈਂ,
ਮੁਸਲਮਾਨ ਬਣਾਉਣਾ ਚਾਹੀਦਾ ਏ।
ਜਾਂ ਫਿਰ ਦੋਵਾਂ ਜੀਊਂਦਿਆਂ ਬੱਚਿਆ ਨੂੰ,
ਕੰਧ ਵਿਚ ਚਿਣਵਾਉਣਾ ਚਾਹੀਦਾ ਏ।

**ਦੋਵੇਂ ਸਾਹਿਬਜ਼ਾਦੇ**

'ਕੋਮਲ' ਅਸੀਂ ਦੋਵੇਂ ਗੱਜ ਕੇ ਆਖਦੇ ਹਾਂ,
ਮੌਤਾਂ-ਲਾੜੀਆਂ ਅਸਾਂ ਨੇ ਵਰਨੀਆਂ ਨੇ।
ਸਿਖ ਧਰਮ ਦੇ ਉੱਸਰਦੇ ਮਹਿਲ ਦੀਆਂ,
ਨੀਹਾਂ ਹੱਸ ਕੇ ਅਸਾਂ ਨੇ ਭਰਨੀਆਂ ਨੇ।

---

[ਸਫ਼ਾ ੩੬ ਦੀ ਬਾਕੀ]

ਹਰ ਸਮੇਂ ਕੁਰਸੀਆਂ ਚੌਧਰਾਂ ਦੀ ਝਾਕ ਹੀ ਰਖਦੇ ਹਨ। ਇਹਨਾਂ ਦਾ ਪ੍ਰਭਾਵ ਹੀ ਸ਼ਹਿਰਾਂ ਨਗਰਾਂ ਪਿੰਡਾਂ ਦੇ ਧਰਮ-ਅਸਥਾਨਾਂ, ਵਿਦਿਅਕ ਸੰਸਥਾਵਾਂ ਤੇ ਪੈ ਰਹਿਆ ਹੈ। ਸਭ ਪਾਸੇ ਰਾਜਨੀਤਕ ਲੋਕਾਂ ਦਾ ਪ੍ਰਭਾਵ ਚਲ ਰਿਹਾ ਹੈ। ਜਦੋਂ ਆਗੂ ਹੀ ਧਰਮ ਪ੍ਰਚਾਰ ਵਲੋਂ ਰੁਚੀ ਬਦਲ ਲੈਣ ਜਾਂ ਰਸਮੀ ਤੌਰ ਤੇ ਹੀ ਕੁਝ ਵਿਖਾਵੇ ਮਾਤਰ ਕਰਨ ਤਾਂ ਫਿਰ ਪ੍ਰਚਾਰ ਕੌਣ ਕਰੇ ?

ਪ੍ਰਚਾਰ ਤਾਂ ਹੀ ਹੋ ਸਕਦਾ ਹੈ ਜੇਕਰ ਧਾਰਮਕ ਵਿਚਾਰਾਂ ਦੇ ਉਹ ਸਜਣ, ਜਿਨ੍ਹਾਂ ਦੇ ਹਿਰਦੇ ਅੰਦਰ ਗੁਰਬਾਣੀ ਤੇ ਗੁਰੂ ਦਾ ਭੈ ਭਾਉ ਹੋਵੇ ਅਤੇ ਜਿਨ੍ਹਾਂ ਦੀ ਜ਼ਿੰਦਗੀ ਸੇਵਾ ਦੀ ਲਗਨ ਨਾਲ ਭਰਪੂਰ ਹੋਵੇ, ਉਹ ਅਗੇ ਆਉਣ ਅਤੇ ਇਸ ਸੇਵਾ ਨੂੰ ਸੰਭਾਲ ਲੈਣ। ਸਿਖ ਧਰਮ ਦਾ ਪ੍ਰਚਾਰ ਕਰਣੀ ਦਾ ਖੇਤਰ ਹੈ :

ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥

[ਸਿਰੀਰਾਗੁ ਮਹਲਾ ੧ ਘਰੁ ੪, ਪੰਨਾ ੨੫



www.AKJ.Org

# ਗੁਰਸਿਖੀ ਕਿਵੇਂ ਵਧੇ ਫੁਲੇ ?

[ਵਲੋਂ ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ]

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ੨੩੯ ਸਾਲ, ਗੁਰੂ ਜੋਤਿ ਮਨੁਖੀ ਜਾਮੇ ਵਿਚ ਵਿਚਰਦੀ ਰਹੀ। ਕਈ ਸਦੀਆਂ ਤੋਂ ਧਰਮ ਦੇ ਨਾਮ ਹੇਠ ਕੁਧਰਮ ਤੇ ਮਨਮਤ ਦਾ ਪ੍ਰਚਾਰ ਕੁਧਰਮੀ ਲੋਕਾਂ ਵਲੋਂ ਆਪਣੇ ਸੁਆਰਥ ਲਈ ਕੀਤਾ ਜਾਂਦਾ ਆ ਰਿਹਾ ਸੀ, ਉਸਦਾ ਸੁਧਾਰ ਕੀਤਾ।

ਗੁਰੂ ਸਾਹਿਬਾਨ ਸਰਲ ਢੰਗ ਨਾਲ ਜੋ ਵਿਚਾਰ ਜਨਤਾ ਨੂੰ ਦੇਂਦੇ ਰਹੇ, ਉਹ ਗੁਰਬਾਣੀ ਦੇ ਰੂਪ ਵਿਚ ਅਜ ਸਾਡੇ ਪਾਸ ਹਨ। ਪੰਜਵੇਂ ਸਰੂਪ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਬਾਣੀ ਨੂੰ ਇਕ ਥਾਂ ਇਕੱਤ੍ਰ ਕੀਤਾ। ਅੰਮ੍ਰਿਤ ਵੇਲੇ ਧਰਮਸਾਲਾਂ, ਗੁਰਦੁਆਰਿਆਂ ਵਿਚ ਇਕਤ੍ਰ ਹੋਏ ਗੁਰੂ ਨਾਨਕ-ਨਾਮ ਲੇਵਾ ਸ਼ਰਧਾਲੂਆਂ ਨੂੰ ਕੀਰਤਨ ਕਰਨ ਤੇ ਸੁਣਨ ਦਾ ਹੁਕਮ ਦਿਤਾ। ਸਦੀਆਂ ਗੁਜ਼ਰ ਜਾਣ ਤੇ ਵੀ ਇਹ ਮਰਯਾਦਾ ਹਰ ਪਿੰਡ, ਨਗਰ ਸ਼ਹਿਰ ਵਿਚ ਚਲ ਰਹੀ ਹੈ।

ਗੁਰੂ ਸਾਹਿਬਾਨ ਤੋਂ ਪਿਛੋਂ ਗੁਰਬਾਣੀ ਦਾ ਕੀਰਤਨ-ਕਥਾ ਗੁਰੂ ਘਰ ਦੇ ਸ਼ਰਧਾਲੂ ਸਜਣ ਸ੍ਰਵਨ ਕਰਦੇ ਆ ਰਹੇ ਹਨ। ਗੁਰੂ ਸਾਹਿਬਾਨ ਨੇ ਪਖੰਡ ਦੇ ਵਿਰੁਧ ਜ਼ੋਰਦਾਰ ਆਵਾਜ਼ ਉਠਾਈ ਤੇ ਪਰਚਾਰ ਕੀਤਾ। ਇਥੇ ਇਹ ਗੱਲ ਆਖਣ ਤੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਪਾਖੰਡ ਦਾ ਜੋ ਜਾਲ ਸਵਾਰਥੀ ਬ੍ਰਾਹਮਣ ਨੇ ਫੈਲਾਇਆ ਹੋਇਆ ਸੀ, ਉਹ ਅਜ ਪੂਰੀ ਤਰ੍ਹਾਂ ਮੁੜ ਫੈਲ ਰਿਹਾ ਹੈ। ਚੰਗੇ ਭਲੇ ਗੁਰਸਿਖਾਂ ਦੇ ਪ੍ਰਵਾਰ ਬਿਪਰਨ ਦੀ ਰੀਤ ਵਿਚ ਫਸੇ ਹੋਏ ਹਨ ਅਤੇ ਖੁਸ਼ੀ ਗਮੀ ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ, ਸਹਿਜ ਪਾਠ ਅਤੇ ਕੀਰਤਨ ਵਖਿਆਨ ਦੇ ਨਾਲ ਨਾਲ ਬ੍ਰਾਹਮਣ-ਵਾਦ ਭੀ ਚਲ ਰਿਹਾ ਹੈ। ਵਿਆਹ ਸਮੇਂ ਸੇਹਰਾ, ਘੋੜੀ, ਰੁਸਣਾ, ਖਾਰੇ ਚੜ੍ਹਨਾ, ਜੈ ਮਾਲਾ ਆਦਿ ਹੋਰ ਕਈ ਤਰ੍ਹਾਂ ਦੇ ਮਨਮਤੀ ਰਿਵਾਜ ਕੀਤੇ ਜਾਂਦੇ ਹਨ। ਮ੍ਰਿਤਕ ਪ੍ਰਾਣੀ ਦੇ ਸਸਕਾਰ ਤੋਂ ਪਿਛੋਂ ਫੁਲ ਚੁਣ ਕੇ, ਲੱਸੀ ਨਾਲ ਧੋ ਕੇ ਕੀਰਤਪੁਰ ਪਤਾਲਪੁਰੀ ਜਾਂ ਹਰਦੁਆਰ ਵਿਖੇ ਵੀ ਲਿਜਾਏ ਜਾਂਦੇ ਹਨ। ਮ੍ਰਿਤਕ ਦੇ ਨਮਿਤ ਪਾਠ ਦਾ ਭੋਗ, ਕੀਰਤਨ ਤੇ ਨਾਲ ਹੀ ਹਿੰਦੂਆਂ ਦੀ ਰੀਤੀ ਅਨੁਸਾਰ ਮੰਜਾ, ਬਿਸਤਰਾ, ਬਰਤਨ, ਬਸਤ੍ਰ, ਛਤਰੀ, ਜੁੱਤੀ, ਫਲ-ਫਰੂਟ ਆਦਿ ਦਿਤੇ ਜਾਂਦੇ ਹਨ। ਇਹ ਬ੍ਰਾਹਮਣ ਦੇ ਪਾਏ ਹੋਏ ਭੁਲੇਖੇ ਹਨ ਕਿ ਮ੍ਰਿਤਕ ਪ੍ਰਾਣੀ ਨੂੰ ਅਗੇ, ਉਕਤ ਚੀਜ਼ਾਂ ਦੀ ਲੋੜ ਹੁੰਦੀ ਹੈ। ਇਹ ਚੀਜ਼ਾਂ ਅਗੇ ਬ੍ਰਾਹਮਣ (ਅਚਾਰਜ ਪੰਡਤ) ਲੈ ਜਾਂਦੇ ਸਨ, ਹੁਣ ਸਾਡੇ ਗ੍ਰੰਥੀ ਸਿੰਘ, ਜਿਨ੍ਹਾਂ ਨੇ ਆਪਣੇ ਨਿਜੀ ਗੁਰਦੁਆਰੇ ਬਣਾਏ ਹੋਏ ਹਨ, ਲੈ ਜਾਂਦੇ ਹਨ, ਤੇ ਬ੍ਰਾਹਮਣ ਪੰਡਤ ਤੇ ਅਚਾਰਜ ਦੋਹਾਂ ਦਾ ਕੰਮ ਇਕੱਲੇ ਹੀ ਕਰੀ ਜਾ ਰਹੇ ਹਨ। ਜਿਨ੍ਹਾਂ ਗੁਰਦੁਆਰਿਆਂ ਦੀਆਂ ਕਮੇਟੀਆਂ ਨਾਮ ਮਾਤਰ ਹਨ, ਉਥੇ ਸਾਰਾ ਸਮਾਨ ਗ੍ਰੰਥੀ ਸਿੰਘ ਨੂੰ ਮਿਲਦਾ ਹੈ। ਜਿਥੇ ਨਿਯਮਾਂ ਅਨੁਸਾਰ ਕਮੇਟੀ ਹੈ, ਉਹ ਭੀ ਇਹ ਕਹਿ ਕੇ ਲੈ ਲੈਂਦੇ ਹਨ ਕਿ ਗੁਰਦੁਆਰੇ ਆਏ ਮੁਸਾਫ਼ਰਾਂ ਲੋੜਵੰਦਾਂ ਦੇ ਕੰਮ ਆਵੇਗਾ।

ਪਿਛਲੇ ਕੁਝ ਸਮੇਂ ਤੋਂ ਗ੍ਰੰਥੀ ਸਿੰਘਾਂ ਨੂੰ ਬ੍ਰਾਹਮਣੀ ਪ੍ਰਭਾਵ ਹੇਠ ਆਏ ਹੋਏ ਵੇਖਦੇ ਹਾਂ। ਸਰਾਧਾਂ ਦੇ ਦਿਨਾਂ ਵਿਚ ਹਿੰਦੂ ਸੰਸਕਾਰਾਂ ਵਿਚ ਫਸੇ ਸਿਖ ਆਪਣੇ ਪਿਤਰਾਂ ਦੇ ਨਮਿਤ ਉਸੇ ਥਿਤਿ ਤੇ ਗ੍ਰੰਥੀ, ਰਾਗੀ ਸਿੰਘਾਂ, ਸੇਵਾਦਾਰਾਂ ਨੂੰ ਪ੍ਰਸ਼ਾਦ ਛਕਾਂਦੇ ਹਨ। ਮ੍ਰਿਤੂ ਹੋ ਚੁਕੇ ਪ੍ਰਾਣੀ ਦੇ ਨਮਿਤ ਕਈ ਕੁਝ ਦਿੰਦੇ ਦਿਵਾਂਦੇ ਵੇਖੇ ਜਾਂਦੇ ਹਨ। ਗੁਰਮਤਿ ਤੋਂ ਘੁਥੇ ਸਿਖਾਂ ਦੇ ਭੁਲੇਖੇ ਕਢਣ ਦੀ ਥਾਂ ਉਹਨਾਂ ਨਾਲ ਗ੍ਰੰਥੀ ਸਿੰਘ ਚੁਪ ਚੁਪੀਤੇ ਸ਼ਾਮਲ ਹੁੰਦੇ ਹਨ। ਇਸ ਹਾਲਤ ਵਿਚ ਗੁਰਮਤਿ ਦਾ ਪ੍ਰਚਾਰ ਕੌਣ ਕਰੇ ?

ਸਿਖ ਧਰਮ ਦਾ ਮੁਢਲਾ ਪ੍ਰਚਾਰਕ ਗ੍ਰੰਥੀ ਹੈ। ਪਿੰਡਾਂ, ਨਗਰਾਂ, ਸ਼ਹਿਰਾਂ, ਗਲੀਆਂ ਮਹੱਲਿਆਂ ਵਿਚ ਗੁਰਦੁਆਰਿਆਂ ਵਿਚ ਗ੍ਰੰਥੀ ਸਿੰਘ ਹੀ ਸਾਰੇ ਕਾਰਜ ਨਿਭਾਂਦੇ ਹਨ।



www.AKJ.Org

ਸਮੇਂ ਦੇ ਫੇਰ ਨੇ ਕੁਝ ਵਸੋਂ ਦੇ ਵਾਧੇ ਕਾਰਨ, ਅਤੇ ਕੁਝ ਚੌਧਰਾਂ ਦੇ ਭੁਖੜ ਲੋਕਾਂ ਨੇ ਲੋੜ ਤੋਂ ਵਧ ਗੁਰਦੁਆਰੇ ਕਾਇਮ ਕੀਤੇ ਹੋਏ ਹਨ। ਉਥੇ ਗ੍ਰੰਥੀ ਸਿੰਘਾਂ ਦੀ ਹੀ ਪ੍ਰਧਾਨਤਾ ਹੈ। ਅੰਮ੍ਰਿਤ ਵੇਲੇ ਹਾਜ਼ਰੀ ਤਾਂ ਨਾਂ ਮਾਤਰ ਹੀ ਹੁੰਦੀ ਹੈ, ਗਿਣਤੀ ਦੇ ਬਿਰਧ ਇਸਤ੍ਰੀ ਪੁਰਸ਼ ਹੀ ਬੈਠੇ ਵੇਖੇ ਹਨ, ਲਾਊਡ ਸਪੀਕਰ ਲਾ ਕੇ ਸਭ ਪਾਸੇ ਤੋਂ ਅਵਾਜ਼ਾਂ ਟਕਰਾਂਦੀਆਂ ਹਨ। ਇਸ ਤਰ੍ਹਾਂ ਭਾਸਦਾ ਹੈ ਕਿ ਸਾਰਾ ਬ੍ਰਹਿਮੰਡ ਹੀ ਗੁਰਬਾਣੀ ਦਾ ਉਚਾਰਨ ਕਰ ਰਿਹਾ ਹੈ। ਜਦੋਂ ਗੁਰਦੁਆਰੇ ਵਿਚ ਜਾ ਕੇ ਵੇਖੋ,ਪਾਠ ਸ੍ਰੀ ਸੁਖਮਨੀ ਸਾਹਿਬ ਦਾ ਇਕੱਲੇ ਗ੍ਰੰਥੀ ਸਿੰਘ ਜਾਂ ਕੋਈ ਹੋਰ ਪ੍ਰੇਮੀ ਇਸਤ੍ਰੀ ਪੁਰਸ਼ ਕਰ ਰਹੇ ਹੁੰਦੇ ਹਨ। ਸੂਰਜ ਚੜ੍ਹਨ ਸਮੇਂ ਆਸਾ ਦੀ ਵਾਰ ਦਾ ਕੀਰ-ਤਨ ੩-੪ ਸਲੋਕ ਪੜ੍ਹ ਕੇ "ਹਰਿ ਜੁਗੁ ਜੁਗੁ ਭਗਤ ਉਪਾਇਆ।" ਫਿਰ ਅੰਤਲੇ ਸਲੋਕ ਤੇ ਅਨੰਦ ਸਾਹਿਬ ਦੀਆਂ ਪਉੜੀਆਂ ਉਪ੍ਰੰਤ ਅਰਦਾਸ। ਹੁਣ ਗੁਰਦੁਆਰਿਆਂ ਵਿਚ ਇਹ ਰਿਵਾਜ ਆਮ ਬਣ ਗਿਆ ਹੈ।

ਸਿਖੀ ਦੇ ਕੇਂਦਰ ਲੁਧਿਆਣੇ ੪੫੦ ਗੁਰਦੁਆਰੇ ਅਤੇ ਜਲੰਧਰ ਵਿਚ ੧੪੦ ਗੁਰਦੁਆਰੇ ਦਸੇ ਜਾਂਦੇ ਹਨ। ਸਿਖ ਅਮੀਰਾਂ ਦੀ ਕੌਮ ਹੈ। ਵਸੀਹ ਬਿਲਡਿੰਗਾਂ ਤੇ ਹਾਲ ਬਣ ਰਹੇ ਹਨ। ਅੰਮ੍ਰਿਤ ਵੇਲੇ ਗੁਰ-ਦੁਆਰਿਆਂ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਰਿਵਾਜ ਪੈ ਗਿਆ ਹੈ। ਦਿਨ ਚੜ੍ਹੇ ਕੀਰਤਨ ਅਤੇ ਕੜਾਹ ਪ੍ਰਸ਼ਾਦ ਅਰਦਾਸ ਸਮਾਪਤੀ। ਇਹ ਹੈ ਸਾਡਾ ਰੋਜ਼ ਦਾ ਧਰਮ ਪ੍ਰਚਾਰ।

ਪੁਰਾਤਨ ਸਮੇਂ ਵਿਚ ਜੋ ਪ੍ਰਚਾਰ ਕੀਤਾ ਗਿਆ, ਉਹ ਭੀ ਗੁਰਦੁਆਰਿਆਂ ਰਾਹੀਂ ਹੀ ਹੋਇਆ ਸੀ। ਅੰਮ੍ਰਿਤ ਵੇਲੇ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਅਤੇ ਗੁਰਬਾਣੀ ਦੀ ਵਿਚਾਰ ਗੁਰੂ ਚਰਨਾਂ ਦੇ ਭੌਰੇ ਕਰਦੇ ਸਨ। ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਸਮੇਂ ਦੁਖ ਸੁਖ ਵਿਚ ਰਸਮੋ ਰਿਵਾਜ ਗੁਰਮਤਿ ਅਨੁਸਾਰ ਸੁਚਜੇ ਢੰਗ ਨਾਲ ਕੀਤੇ ਜਾਂਦੇ ਸਨ। ਸੇਵਾਦਾਰ ਗ੍ਰੰਥੀ ਸਿੰਘ ਜਾਂ ਹੋਰ ਮੁਖੀ ਸਜਣ ਅੰਮ੍ਰਿਤ ਵੇਲੇ ਹਾਜ਼ਰੀ ਭਰਦੇ ਸਨ। ਹੁਣ ਮੁਖੀ ਸਜਣ ਤਾਂ ਆਉਂਦੇ ਹੀ ਨਹੀਂ। ਜੇ ਆ ਭੀ ਜਾਣ ਤਾਂ ਦਿਨ ਚੜ੍ਹੇ। ਅੰਮ੍ਰਿਤ ਵੇਲੇ ਆਉਣ ਵੀ ਕਿਸ ਤਰ੍ਹਾਂ, ਕਾਰ ਵਿਹਾਰਾਂ ਦੇ ਬਹੁਤੇ ਰੁਝੇਵੇਂ ਹੋਣ ਕਰਕੇ ਅੰਮ੍ਰਿਤ ਵੇਲੇ ਨੀਂਦਰ ਹੀ ਨਹੀਂ ਖੁਲ੍ਹਦੀ। ਅਜ ਰਿਵਾਜ ਪੈ ਗਿਆ ਹੈ ਕਿ ਧਰਮ ਅਸਥਾਨਾਂ, ਵਿਦਿਅਕ ਸੰਸਥਾਵਾਂ ਦੇ ਮੁਖੀ ਮਾਇਆਧਾਰੀ ਹੀ ਹੋਣ, ਭਾਵੇਂ ਉਹਨਾਂ ਨੂੰ ਗੁਰਮਤਿ ਗੁਰਬਾਣੀ ਦੀ ਕੋਈ ਸੋਝੀ ਹੋਵੇ ਜਾਂ ਨਾ। ਇਸ ਲਈ ਗੁਰਦੁਆਰਿਆਂ ਵਿਚ ਗ੍ਰੰਥੀ, ਰਾਗੀ ਸਿੰਘ, ਸੇਵਾਦਾਰ ਜੋ ਜੀ ਚਾਹੇ ਕਰਨ, ਪੁਛਣ ਵਾਲਾ ਹੀ ਕੋਈ ਨਹੀਂ। ਜਿਹੜੇ ਸਜਣ ਕੇਵਲ ਆਪਣੇ ਸੁਆਰਥ ਤੇ ਰੋਜ਼ੀ ਕਮਾਣ ਲਈ ਗ੍ਰੰਥੀ ਰਾਗੀ ਸੇਵਾਦਾਰ ਬਣੇ ਹਨ, ਉਹਨਾਂ ਨੂੰ ਕੀ ਲੋੜ ਹੈ ਕਿ ਉਹ ਸਿੱਖੀ ਦਾ ਪ੍ਰਚਾਰ ਤਨੋਂ ਮਨੋਂ ਕਰਨ। ਉਹਨਾਂ ਦੇ ਸਾਹਮਣੇ ਗੁਰਮਤਿ ਦੀ ਥਾਂ ਬੇਸ਼ਕ ਮਨਮਤ ਹੁੰਦੀ ਰਹੇ, ਉਨ੍ਹਾਂ ਨੂੰ ਪਰਵਾਹ ਨਹੀਂ। ਉਹਨਾਂ ਪਾਸੋਂ ਜੋ ਚਾਹੋ ਕਰਾ ਲਵੋ, ਉਹਨਾਂ ਦਾ ਨਿਸ਼ਾਨਾ ਤਾਂ ਕੇਵਲ ਵਧੇਰੇ ਮਾਇਆ ਪ੍ਰਾਪਤ ਕਰਨਾ ਹੈ।

ਕਿਸੇ ਸਮੇਂ ਖ਼ਾਲਸਾ ਪੰਥ ਵਿਚ ਰਿਵਾਜ ਸੀ ਕਿ ਧਰਮ-ਅਸਥਾਨਾਂ ਦੇ ਮੁਖੀ ਸਜਨ ਓਹੋ ਨੀਯਤ ਕੀਤੇ ਜਾਂਦੇ ਸਨ ਜੋ ਹਥੀਂ ਸੇਵਾ ਕਰਨ ਵਾਲੇ ਹੁੰਦੇ ਸਨ, ਭਾਵੇਂ ਮਾਇਆ ਵਲੋਂ ਉਹ ਵਿਰਵੇ ਹੀ ਹੋਣ। ਗ੍ਰੰਥੀ ਰਾਗੀ ਸਿੰਘ ਅਤੇ ਸੇਵਾਦਾਰ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਮਾਇਆ ਲੈਂਦੇ ਸਨ। ਉਹਨਾਂ ਦਾ ਮੁਖ ਨਿਸ਼ਾਨਾ ਸਿਖ ਧਰਮ ਦਾ ਪ੍ਰਚਾਰ ਹੁੰਦਾ ਸੀ।

ਹੁਣ ਸਭ ਤੋਂ ਵਡੇ ਦੁਖ ਦੀ ਗੱਲ ਤਾਂ ਇਹ ਹੈ ਕਿ ਸਾਡੀਆਂ ਉਹ ਮੁਖੀ ਸੰਸਥਾਵਾਂ, ਜਿਨ੍ਹਾਂ ਦੇ ਬਜਟ ਲੱਖਾਂ ਅਤੇ ਕਰੋੜਾਂ ਵਿਚ ਹੁੰਦੇ ਹਨ, ਅਤੇ ਜਿਨ੍ਹਾਂ ਪਾਸ ਧਰਮ ਪ੍ਰਚਾਰ ਕਰਨ ਲਈ ਵਡੇ ਵਡੇ ਧਰਮ-ਅਸਥਾਨ ਮੌਜੂਦ ਹਨ, ਬੜੇ ਬੜੇ ਸਾਧਨ ਮੌਜੂਦ ਹਨ, ਸਹੀ ਅਰਥਾਂ ਵਿਚ ਧਰਮ ਪਰਚਾਰ ਦੀ ਥਾਂ ਪਾਰਟੀ-ਪਰਚਾਰ ਵਿਚ ਉਲਝੀਆਂ ਪਈਆਂ ਹਨ। ਮੁਖੀ ਸਜਣਾਂ ਦੀਆਂ ਰੁਚੀਆਂ ਧਰਮ ਵਾਲੇ ਪਾਸੇ ਨਹੀਂ, ਉਹ ਤਾਂ ਰਾਜ-ਸਭਾ ਨੂੰ ਪ੍ਰਾਪਤ ਕਰਨ ਲਈ ਹੀ ਹਜ਼ਾਰਾਂ ਰੁਪੈ ਖਰਚ ਕੇ ਵੋਟਾਂ ਰਾਹੀ ਇਹਨਾਂ ਅਸਥਾਨਾਂ ਤੇ ਪੁਜਦੇ ਹਨ। ਅਤੇ

[ਬਾਕੀ ਸਫਾ ੩੪ ਦੇ ਹੇਠ]



www.AKJ.Org

# ਪੰਥਕ ਸਮਾਚਾਰ-ਰੋਜ਼ਾਨਾ ਅਜੀਤ ਦੀ ਜ਼ਬਾਨੀ
# ਸਾਬਕ ਫ਼ੌਜੀਆਂ ਦੀ ਕਨਵੈਨਸ਼ਨ ਵਲੋਂ

### ਦਲ ਦੀਆਂ ਮੰਗਾਂ ਦੀ ਮੁਕੰਮਲ ਹਮਾਇਤ
### 13619 ਸਾਬਕ ਫ਼ੌਜੀ ਸ਼ਾਮਲ-ਰਾਮੂਵਾਲੀਆ*
### ਅਧੀ ਦਰਜਨ ਤੋਂ ਵਧ ਸਾਬਕ ਜਨਰਲ ਤੇ ਦਰਜਨਾਂ ਹੋਰ ਅਫ਼ਸਰ ਸ਼ਾਮਲ ਹੋਏ

ਅੰਮ੍ਰਿਤਸਰ, 23 ਦਸੰਬਰ-(ਯੂ. ਐਨ. ਆਈ.) (ਕਪੂਰ) ਅਜ ਇਥੇ ਸਾਬਕ ਫੌਜੀਆਂ ਦੀ ਸਦੀ ਗਈ ਕਨਵੈਨਸ਼ਨ ਨੇ ਸਰਬ ਸੰਮਤੀ ਨਾਲ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਦੀ ਹਮਾਇਤ ਦਾ ਐਲਾਨ ਕਰ ਦਿਤਾ, ਜਿਸ ਵਿਚ ਅਨੰਦਪੁਰ ਸਾਹਿਬ ਮਤੇ ਤੇ ਅਮਲ ਦੀ ਮੰਗ ਵੀ ਸ਼ਾਮਲ ਹੈ, ਜਿਸ ਅਧੀਨ ਰਾਜਾਂ ਲਈ ਵਧ ਅਧਿਕਾਰ ਮੰਗੇ ਗਏ। ਕਨਵੈਨਸ਼ਨ ਨੇ ਇਹ ਮੰਗ ਵੀ ਕੀਤੀ ਕਿ ਸੰਵਿਧਾਨ ਦਾ ਢਾਂਚਾ ਅਜਿਹੇ ਢੰਗ ਨਾਲ ਤਬਦੀਲ ਕੀਤਾ ਜਾਏ ਕਿ ਇਹ ਸਹੀ ਅਰਥਾਂ ਵਿਚ ਫ਼ੈਡਰਲ ਬਣ ਜਾਏ। ਇਸ ਦਾ ਫ਼ੈਡਰਲ ਰੂਪ 1950 ਤੋਂ ਬਦਲਿਆ ਜਾ ਰਿਹਾ ਹੈ। ਮਤੇ ਵਿਚ ਹੋਰ ਕਿਹਾ ਗਿਆ ਕਿ ਰਾਜਾਂ ਦਾ ਦਰਜਾ ਪੰਚਾਇਤਾਂ ਦੇ ਬਰਾਬਰ ਕਰ ਦਿਤਾ ਗਿਆ ਹੈ, ਜਿਵੇਂ ਕਿ ਯੋਜਨਾ ਕਮਿਸ਼ਨ, ਵਾਟਰ ਐਂਡ ਪਾਵਰ ਕਮਿਸ਼ਨ ਤੇ ਯੂਨੀ-ਵਰਸਿਟੀ ਗਰਾਂਟਸ ਕਮਿਸ਼ਨ ਆਦਿ ਦੇ ਅਧਿਕਾਰ ਕੇਂਦਰ ਨੇ ਆਪਣੇ ਹਥਾਂ ਵਿਚ ਲੈ ਲਏ ਹਨ। ਇਸ ਸਬੰਧੀ ਅਕਾਲੀ ਦਲ ਦੀ ਮੰਗ ਬਿਲਕੁਲ ਯੋਗ ਹੈ ਕਿ ਸੰਵਿਧਾਨ ਨੂੰ ਸਹੀ ਫ਼ੈਡਰਲ ਬਣਾਇਆ ਜਾਏ ਤੇ ਅਕਾਲੀ ਦਲ ਦੀਆਂ ਮੰਗਾਂ ਬਿਨਾਂ ਦੇਰੀ ਦੇ ਪ੍ਰਵਾਨ ਕੀਤੀਆਂ ਜਾਣ।

**ਪਾਣੀ ਦੀ ਵੰਡ**-ਇਕ ਹੋਰ ਮਤੇ 'ਚ ਕਿਹਾ ਗਿਆ ਕਿ ਰਾਵੀ ਬਿਆਸ ਪਾਣੀ ਦੀ ਵੰਡ ਸਬੰਧੀ ਇੰਦਰਾ ਗਾਂਧੀ ਦਾ ਐਵਾਰਡ ਕੌਮੀ ਅਤੇ ਅੰਤਰਰਾਸ਼ਟਰੀ ਲਾਅ ਦੇ ਵਿਰੁਧ ਹੈ। ਇਸ ਸਬੰਧੀ ਸੁਪਰੀਮ ਕੋਰਟ ਹੀ ਸਹੀ ਫੈਸਲਾ ਕਰ ਸਕਦੀ ਹੈ। ਇਸ ਲਈ ਇਸ ਦਾ ਫੈਸਲਾ ਸੁਪਰੀਮ ਕੋਰਟ ਤੋਂ ਕਰਵਾਇਆ ਜਾਏ। ਮਤੇ ਵਿਚ ਹੋਰ ਕਿਹਾ ਗਿਆ ਕਿ ਪੰਜਾਬ ਚਿ ਅਕਾਲੀ ਅੰਦੋਲਨ ਦਾ ਇਹ ਵੀ ਅਹਿਮ ਕਾਰਨ ਹੈ। ਪੰਜਾਬ ਸਰਕਾਰ ਨੇ ਪਾਣੀ ਦਾ ਕੇਸ ਸੁਪਰੀਮ ਕੋਰਟ ਤੋਂ ਵਾਪਸ ਲੈ ਕੇ ਰਾਜ ਦੇ ਹਿਤਾਂ, ਖਾਸ ਤੌਰ ਤੇ ਕਿਰਸਾਨੀ ਹਿਤਾਂ ਵਿਰੁਧ ਕੰਮ ਕੀਤਾ, ਕਿਉਂਕਿ ਕਿਸਾਨਾਂ ਵਿਚ ਬਹੁਤੇ ਸਿਖ ਹਨ। ਇਸ ਨਾਲ ਰਾਜ ਦੀ ਸਨਅਤ ਤੇ ਖੇਤੀ ਨੂੰ ਧਕਾ ਲਗਾ।

**ਨਵੀਂ ਹੱਦਬੰਦੀ**-ਕਨਵੈਨਸ਼ਨ ਨੇ ਮੰਗ ਕੀਤੀ ਕਿ ਨਵੇਂ ਸਿਰੇ ਤੋਂ ਹਦਬੰਦੀ ਲਈ ਸਚਰ ਫਾਰਮੂਲੇ ਨੂੰ ਅਧਾਰ ਬਣਾਇਆ ਜਾਏ ਅਤੇ ਇਸ ਸਬੰਧੀ ਰਿਜਨਲ ਕਮੇਟੀ ਦੀ ਰਿਪੋਰਟ ਅਨੁਸਾਰ ਨਿਸ਼ਾਨ-ਦੇਹੀ ਕੀਤੀ ਜਾਏ। ਜੇ ਨਿਸ਼ਾਨ-ਦੇਹੀ ਲਈ ਕੋਈ ਹੋਰ ਢੰਗ ਲਭਿਆ ਗਿਆ ਤਾਂ ਇਹ ਸਮਝਿਆ ਜਾਏਗਾ ਕਿ ਇਹ ਨਿਸ਼ਾਨ-ਦੇਹੀ ਭਾਸ਼ਾਈ ਨਹੀਂ, ਫਿਰਕੂ ਲੀਹਾਂ ਤੇ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਕਲੇਮਾਂ ਤੇ ਜੁਆਬੀ ਕਲੇਮਾਂ ਦਾ ਸਿਲਸਿਲਾ ਸ਼ੁਰੂ ਹੋ ਜਾਏਗਾ। ਕਨਵੈਨਸ਼ਨ ਵਿਚ 8 ਮਤੇ ਪਾਸ ਕੀਤੇ ਗਏ। ਇਹਨਾਂ ਨੂੰ ਸਾਬਕ ਫੌਜੀ ਅਫਸਰਾਂ ਨੇ ਪੇਸ਼ ਕੀਤਾ ਤੇ ਉਹਨਾਂ ਨੇ ਹੀ ਇਹਨਾਂ ਦੀ ਤਾਈਦ ਕੀਤੀ। ਇਕ ਹੋਰ ਮਤੇ ਵਿਚ ਸ੍ਰੀ ਭਜਨ ਲਾਲ ਦੀ ਨਿੰਦਾ ਕੀਤੀ ਗਈ ਕਿ ਏਸ਼ਿਆਈ ਖੇਡਾਂ ਦੇ ਦੌਰਾਨ ਸਿਖਾਂ ਨਾਲ ਭੈੜਾ ਵਰਤਾਓ ਕੀਤਾ ਗਿਆ। ਮੰਗ ਕੀਤੀ ਗਈ ਕਿ ਸ੍ਰੀ ਭਜਨ ਲਾਲ ਮਾਫੀ ਮੰਗਣ। ਇਕ ਹੋਰ ਮਤੇ ਵਿਚ ਸਿਖਾਂ ਤੇ ਮੁਕੱਦਮੇ ਬਨਾਉਣ ਦੀ ਵੀ ਨਿਖੇਧੀ ਕੀਤੀ ਗਈ। ਇਸ ਗਲ ਤੇ ਵੀ ਜ਼ੋਰ ਦਿਤਾ ਗਿਆ ਕਿ ਸਾਬਕ ਫੌਜੀਆਂ ਦੀਆਂ ਮੰਗਾਂ ਮੰਨੀਆਂ ਜਾਣ ਤੇ ਭਰਤੀ ਦਾ ਪੁਰਾਣਾ ਤਰੀਕਾ ਲਾਗੂ ਕੀਤਾ ਜਾਏ। ਸ: ਬਲਵੰਤ ਸਿੰਘ

* ਅੰਗਰੇਜ਼ੀ ਟ੍ਰੀਬਿਊਨ ਨੇ ਇਹ ਗਿਣਤੀ "ਲਗ ਪਗ ਦਸ ਹਜ਼ਾਰ" ਦਿਤੀ ਹੈ।



www.AKJ.Org

ਰਾਮੂਵਾਲੀਆ ਨੇ ਦਾਅਵਾ ਕੀਤਾ ਕਿ ਕਨਵੈਨਸ਼ਨ ਵਿਚ 13619 ਸਾਬਕ ਫੌਜੀ ਸ਼ਾਮਲ ਹੋਏ।

ਆਨੰਦਪੁਰ ਸਾਹਿਬ ਮਤੇ ਤੇ ਅਮਲ ਦਾ ਮਤਾ ਸ: ਹਜ਼ਾਰਾ ਸਿੰਘ ਕੰਡੋਲਾ ਨੇ ਪੇਸ਼ ਕੀਤਾ ਤੇ ਸ: ਗੁਰਤੇਗ ਸਿੰਘ ਨੇ ਤਾਈਦ ਕੀਤੀ। ਜਨਰਲ ਸੁਬੇਗ ਸਿੰਘ, ਜਨਰਲ ਗੁਰਬਖਸ਼ ਸਿੰਘ, ਕਰਨਲ ਰਛਪਾਲ ਸਿੰਘ ਮਾਨ, ਕਰਨਲ ਆਤਮਾ ਸਿੰਘ ਅਕਰਪੁਰੀ, ਬ੍ਰਗੇਡੀਅਰ ਮਹਿੰਦਰ ਸਿੰਘ ਵੀ ਸ਼ਾਮਲ ਹੋਏ। ਸ:ਜੋਗਿੰਦਰ ਸਿੰਘ ਮਾਨ, ਸ: ਬਾਦਲ ਤੇ ਜ: ਤਲਵੰਡੀ ਨੇ ਵੀ ਤਕਰੀਰਾਂ ਕੀਤੀਆਂ । ਕਨਵੈਨਸ਼ਨ ਵਿਚ 6 ਸਾਬਕ ਜਨਰਲ ਸ਼ਾਮਲ ਸਨ। ਪੰਜ ਨੇ ਸਹਿਮਤੀ ਭੇਜੀ, 27 ਸਾਬਕ ਬ੍ਰਿਗੇਡੀਅਰ ਤੇ 63 ਕਰਨਲ ਵੀ ਸ਼ਾਮਲ ਹੋਏ। ਕਨਵੈਨਸ਼ਨ ਗੁਰੂ ਰਾਮਦਾਸ ਦਾਸ ਲੰਗਰ ਦੀ ਛਤ ਤੇ ਹੋਈ, ਜਿਸ ਦੇ ਹਾਲ ਨੂੰ ਸਿੱਖ ਜਰਨੈਲਾਂ ਦੀਆਂ ਤਸਵੀਰਾਂ ਨਾਲ ਸਜਾਇਆ ਗਿਆ ਸੀ। ਇਹਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਜਰਨੈਲ ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਅਤੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਸ਼ਾਮਲ ਸਨ। ਜਨਰਲ ਬਿਕਰਮ ਸਿੰਘ, ਮੇਜਰ ਭੁਪਿੰਦਰ ਸਿੰਘ, ਫਲਾਈਟ ਲੈਫਟੀਨੈਂਟ ਨਿਰਮਲ ਸਿੰਘ ਸੇਖੋਂ ਤੇ ਗੀਆ ਦੇ ਹੀਰੋ ਸ਼ਿਵਦੇਵ ਸਿੰਘ ਸਿੱਧੂ ਦੀਆਂ ਤਸਵੀਰਾਂ ਵੀ ਸਨ।

—ਰੋਜ਼ਾਨਾ ਅਜੀਤ, 24-12-82

## ਪੰਜਾਬ ਨਾਲ ਆਮ ਤੇ ਸਿਖਾਂ ਨਾਲ ਵਿਤਕਰਾ ਖ਼ਾਸ ਸਾਜ਼ਿਸ਼ ਅਧੀਨ ਕੀਤਾ ਜਾ ਰਿਹਾ ਹੈ—

## *ਸਾਬਕ ਫੌਜੀ ਪੰਥ ਦਾ ਇਸ ਸੰਕਟ ਸਮੇਂ ਸਾਥ ਦੇਣ—ਸੰਤ ਜੀ ਦੀ ਅਪੀਲ*

### ਸੰਤ ਜੀ ਵਲੋਂ ਵਿਤਕਰੇ ਦੀਆਂ ੧੩ ਮਿਸਾਲਾਂ—

### ਹਰਿਆਣੇ ਵਿਚ ਸਿਖਾਂ ਨਾਲ ਗ਼ੁਲਾਮਾਂ ਵਰਗਾ ਵਰਤਾਓ ਕੀਤਾ ਗਿਆ—

ਅੰਮ੍ਰਿਤਸਰ, ੨੩ ਦਸੰਬਰ—(ਯੂ.ਐਨ.ਆਈ) ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਜ ਸਾਬਕ ਫੌਜੀਆਂ ਦੀ ਮੀਟਿੰਗ ਵਿਚ ਉਹਨਾਂ ਤੋਂ ਮੌਜੂਦਾ ਅਕਾਲੀ ਮੋਰਚੇ ਵਿਚ ਭਰਪੂਰ ਸਹਿਯੋਗ ਦੀ ਮੰਗ ਕੀਤੀ ਤੇ ਕਿਹਾ ਕਿ ਮੋਰਚਾ ਪੰਜਾਬੀਆਂ ਦੀ ਬੇਹਤਰੀ ਅਤੇ ਦੇਸ਼ ਦੇ ਹਿਤਾਂ ਲਈ ਹੈ। ਉਹਨਾਂ ਕਿਹਾ ਕਿ ਇਕ ਸਾਜ਼ਸ਼ ਅਧੀਨ ਪੰਜਾਬੀਆਂ ਨਾਲ ਆਮ ਤੌਰ ਤੇ ਅਤੇ ਸਿਖਾਂ ਨਾਲ ਖਾਸ ਤੌਰ ਤੇ ਵਿਤਕਰਾ ਕੀਤਾ ਜਾ ਰਿਹਾ ਹੈ।

ਇਹ ਮੀਟਿੰਗ ਸੰਤ ਲੌਂਗੋਵਾਲ ਨੇ ਸਦੀ ਸੀ। ਉਹਨਾਂ ਨੇ ਕਿਹਾ ਕਿ ਅਜ ਦਾ ਇਹ ਵਿਸ਼ੇਸ਼ ਇਕੱਠ ਸਾਡੇ ਲਹੂ-ਭਿਜੇ ਇਤਿਹਾਸ ਵਿਚ ਪੁਰਾਤਨ ਸਮਿਆਂ ਵਿਚ ਸਮੂਹ ਖਾਲਸੇ ਦੇ ਸਿਰ ਜੋੜ ਕੇ ਬੈਠਣ ਦੀ ਪ੍ਰੇਰਨਾ ਲਈ ਯਾਦ ਦਿਵਾਉਂਦਾ ਹੈ। ਭਾਰਤ ਦੀ ਆਨ ਸ਼ਾਨ ਬਚਾਉਣ ਅਤੇ ਲੋਕ-ਹੱਕਾਂ ਦੇ ਲੁਟੇਰਿਆਂ ਦੇ ਦੰਦ ਭੰਨਣ ਤੇ ਪੰਥਕ ਚੜ੍ਹਤ ਦਾ ਬਾਨ੍ਹਣੂ ਬੰਨ੍ਹਣ ਲਈ ਅੰਮ੍ਰਿਤਸਰ ਦੀ ਪਵਿਤਰ ਧਰਤੀ ਤੇ ਸਾਡੇ ਵਡੇ ਵਡੇਰੇ ਜੁੜਦੇ ਤੇ ਗੁਰਮਤੇ ਕਰਦੇ ਹੁੰਦੇ ਸਨ। ਜੇ ਕੇਸਰੀ ਨਿਸ਼ਾਨ ਦੀ ਤਾਬਿਆ ਲੱਖਾਂ ਸਿੰਘ ਅਣਖ ਨਾਲ ਨਾ ਜੂਝਦੇ ਤਾਂ ਭਾਰਤ ਦੀ ਨਾ-ਸਿਰਫ ਤਾਰੀਖ ਹੀ ਹੋਰ ਹੁੰਦੀ, ਸਗੋਂ ਨਕਸ਼ਾ ਹੀ ਹੋਰ ਹੁੰਦਾ। ਸੰਤ ਜੀ ਨੇ ਹੋਰ ਕਿਹਾ ਕਿ ਸ਼ਰੋਮਣੀ ਅਕਾਲੀ ਦਲ, ਅਜ ਰਾਜਸੀ ਸ਼ਕਤੀ ਨਾਲ ਹੰਕਾਰੇ ਹਾਕਮਾਂ ਵਲੋਂ ਪੰਥ ਅਤੇ ਪੰਜਾਬ ਨਾਲ ਬੇਕਿਰਕ ਵਿਤਕਰੇ ਰੋਕਣ ਲਈ ਸ਼ਾਂਤਮਈ ਸੰਘਰਸ਼ ਕਰ ਰਿਹਾ ਹੈ। ਸਾਡਾ ਸਤਿਆਗ੍ਰਹਿ ਤਾਂ ਪੂਰੀ ਤਰ੍ਹਾਂ ਸੰਵਿਧਾਨਕ ਤੇ ਹੱਕੀ ਹੈ, ਪਰ ਲੋਕ-ਰਾਜ, ਧਰਮ ਨਿਰਪੇਖਤਾ, ਬਰਾਬਰੀ ਤੇ ਸ਼ਹਿਰੀ ਆਜ਼ਾਦੀ ਦੀਆਂ ਸੰਵਿਧਾਨਕ ਗਾਰੰਟੀਆਂ ਮਲੀਆ-ਮੇਟ ਕਰਕੇ ਹਾਕਮਾਂ ਨੇ ਅਜਿਹੀਆਂ ਚੰਗੇਜ਼ੀ ਚਾਲਾਂ ਆਰੰਭ ਕਰ ਰਖੀਆਂ ਹਨ ਕਿ "ਸਰਬੱਤ ਦਾ ਭਲਾ ਮੰਨਣ ਵਾਲੇ ਗੁਰੂ ਨਾਨਕ ਨਾਮ-ਲੇਵਾ ਦਾ ਆਪਣਾ ਭਲਾ ਖ਼ਤਰੇ ਵਿਚ ਪੈ ਗਿਆ ਹੈ।" ਪਿਛਲੇ ਪੈਂਤੀ ਸਾਲ ਤੋਂ ਹਾਕਮਾਂ ਵਲੋਂ ਲੋਕ ਰਾਜ ਦੇ ਢੰਡੋਰੇ ਤੇ ਧਰਮ-ਨਿਰਪਖਤਾ ਦੇ ਪਰਦੇ ਹੇਠ ਸਿੱਖਾਂ ਤੇ ਪੰਜਾਬ ਨੂੰ ਜ਼ਿਬ੍ਹਾ ਕਰਨ ਦੀ ਦਰਦਨਾਕ ਦਾਸਤਾਂ ਹੈ।

ਸੰਤ ਜੀ ਨੇ ਇਸ ਸਬੰਧੀ ਮਿਸਾਲਾਂ ਦੇਂਦਿਆਂ ਕਿਹਾ ਕਿ ੧. ਕੀਰਤਨ ਕਰਨ, ਨਾਮ ਜਪਣ ਤੇ


www.AKJ.Org

ਸਿਖੀ ਬਾਣੇ ਵਾਲੇ ਬੇਗੁਨਾਹ ਸਿੰਘਾਂ ਨੂੰ "ਝੂਠੇ" ਪੁਲੀਸ-ਮੁਕਾਬਲਿਆਂ ਚਿ ਮਾਰਨਾ, ਕੇਸ ਬਣਾਉਣੇ ਤੇ ਖ਼ੂਨੀ ਜਥੇ ਕਹਿ ਕੇ ਕਤਲ ਕਰਨਾ ਅਤੇ ਅਦਾਲਤਾਂ ਦੇ ਬੂਹੇ ਤੱਕ ਬੰਦ ਕਰ ਦੇਣਾ। ੨. ਸਾਰੇ ਦੇਸ਼ ਵਿਚ ਬੋਲੀ ਦੇ ਆਧਾਰ ਉਤੇ ਭਾਸ਼ਾਈ ਸੂਬੇ ਬਣਾ ਦੇਣੇ, ਪਰ ਪੰਜਾਬੀ ਬੋਲੀ ਨੂੰ 'ਢੋਲ ਵਜਾ ਕੇ' ਮਾਤ ਭਾਸ਼ਾ ਨਾ ਮੰਨਣਾ ਤੇ ਪੰਜਾਬੀ ਬੋਲਦਾ ਪ੍ਰਾਂਤ ਬਨਾਉਣੋਂ ਨਾਂਹ ਕਰਨੀ। ੭੦੦੦੦ ਸਿੰਘ ਸਿੰਘਣੀਆਂ ਜੇਲ੍ਹੀਂ ਜਾਣ ਤੇ ਅਨੇਕਾਂ ਸ਼ਹੀਦੀਆਂ ਪਿਛੋਂ ਬੇਈਮਾਨੀ ਕਰਕੇ ਲੰਗੜਾ ਸੂਬਾ ਬਨਾਉਣਾ। ੩. ਦੇਸ਼ ਵਿਚ ਸਥਾਪਤ ਅਦਾਲਤੀ ਨਿਯਮਾਂ ਤੋਂ ਪਾਸੇ ਜਾ ਕੇ ਰਾਵੀ-ਬਿਆਸ ਦੇ ਪਾਣੀ ਦੀ ਪੱਖਪਾਤੀ ਵੰਡ ਦਾ ਪੰਜਾਬ-ਮਾਰੂ ਫਾਰਮੂਲਾ ਠੋਸਣਾ। ੪. ਗਵਾਂਢੀ ਰਾਜਾਂ ਚੋਂ ਪੰਜਾਬੀ ਭਾਸ਼ਾ ਦਾ ਸਫਾਇਆ। ੫. ਯੋਗਤਾ ਦਾ ਸਿਧਾਂਤ ਰਦ ਕਰ ਕੇ ਫ਼ੌਜ ਵਿਚ ਸਿਖਾਂ ਦੀ ਭਰਤੀ ਕੇਵਲ ਡੇਢ ਫ਼ੀ ਸਦੀ ਕਰ ਦੇਣਾ। ੬.ਤਰਾਈ ਤੇ ਹਰਿਆਣੇ ਚੋਂ ਸਿਖ ਕਿਸਾਨਾਂ ਨੂੰ ਉਜਾੜਨਾ। ੭. ਪੰਜਾਬੀ ਬੋਲਦੇ ਇਲਾਕੇ ਤੇ ਚੰਡੀਗੜ੍ਹ ਦੇਣੋਂ ਨਾਂਹ ਕਰਨਾ। ੮. ਪੰਜਾਬ ਨੂੰ ਭਾਰੀ ਸਨਅਤਾਂ ਤੋਂ ਵਾਂਝੇ ਰਖਣਾ। ੯. ਦੇਸ਼ ਦੇ ਕਾਨੂੰਨਾਂ ਤੋਂ ਵਖ ਹੋ ਕੇ ਪੰਜਾਬ ਦੇ ਹੈੱਡ ਵਰਕਸਾਂ ਉਤੇ ਕੇਂਦਰੀ ਕੰਟਰੋਲ ਰਖਣਾ। ੧੦. ਸੂਬਿਆਂ ਨੂੰ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਵਧ ਅਧਿਕਾਰ ਦੇਣ ਦੀ 'ਕੋਰੇ ਦੁੱਧ ਵਰਗੀ ਸੁੱਚੀ ਲੋਕ-ਰਾਜੀ ਮੰਗ ਨੂੰ ਭੀ ਫਿਰਕੂ ਕਹਿਣਾ।' ੧੧. ਬਹਾਦਰ ਤੇ ਕਾਬਲ ਸਿਖ ਜਰਨੈਲਾਂ ਨੂੰ ਕਮਾਂਡਰ-ਇਨ-ਚੀਫ਼ ਬਣਨੋਂ ਰੋਕਣ ਲਈ ਗ਼ਲਤ ਹਰਬੇ ਵਰਤਣੇ। ੧੨. ਆਲ ਇੰਡੀਆ ਗੁਰਦੁਆਰਾ ਐਕਟ, ਗੁਰਬਾਣੀ ਪ੍ਰਸਾਰਨ, ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਕਰਾਰ ਦੇਣੋਂ ਨਾਂਹ ਕਰਨੀ। ੧੩. ਦਿੱਲੀ ਜਾਂਦੇ ਸਿਖ ਵੀਰ-ਭੈਣਾਂ ਤੇ ਬੱਚੇ ਬੱਚੀਆਂ ਦੀ ਹਰਿਆਣੇ ਦੇ ਮੁਖ ਮੰਤਰੀ ਵਲੋਂ ਖੁਲ੍ਹੀ ਬੇਇਜ਼ਤੀ ਅਤੇ ਗ਼ੁਲਾਮਾਂ ਵਾਂਗ ਜ਼ਲੀਲ ਕਰਨਾ ਤੇ ਗੰਦੀ ਭਾਸ਼ਾ ਵਰਤਣੀ---ਕੀ ਸਭ ਕੁਝ ਯੋਜਨਾਬਧ ਡੂੰਘੀ ਸਾਜ਼ਸ਼ ਅਧੀਨ ਨਹੀਂ ਹੋ ਰਿਹਾ? ਮੇਰੀ ੧੬ ਨਵੰਬਰ ੧੯੮੨ ਦੀ ਉਹ ਚਿੱਠੀ, ਜਿਸ ਵਿਚ ਕੌਮੀ ਏਕਤਾ ਕੌਂਸਲ ਦੇ ਚੇਅਰਮੈਨ ਵਜੋਂ ਪ੍ਰਧਾਨ ਮੰਤਰੀ ਨੂੰ ਮੈਂ ਲਿਖਿਆ ਸੀ, 'ਕਿ ਹਰਿਆਣੇ ਦੇ ਮੁਖ ਮੰਤਰੀ ਦਾ ਤੁਹਾਡੀ ਕੌਮੀ ਏਕਤਾ ਕੌਂਸਲ ਦੇ ਮੈਂਬਰ ਹੁੰਦਿਆਂ ਲੋਕਾਂ ਨੂੰ ਉਕਸਾਉਣਾ ਕਿ ਉਹ 'ਸਿਖਾਂ ਨੂੰ ਸੋਧਣ' ਤੇ ਬੇਕਸੂਰ ਸਿਖਾਂ ਦੀਆਂ ਤਲਾਸ਼ੀਆਂ ਤੇ ਬੇਇਜ਼ਤੀਆਂ ਕਰਨ ਤੋਂ ਸਿਧ ਹੈ ਕਿ ਸ੍ਰੀ ਭਜਨ ਲਾਲ ਏਕਤਾ ਤੋੜੂ ਕਰਤੂਤਾਂ ਕਰ ਰਹੇ ਹਨ। ਇਸ ਲਈ ਇਸ ਨੂੰ ਘਟੋ ਘਟ ਕੌਮੀ ਏਕਤਾ ਕੌਂਸਲ ਦੀ ਮੈਂਬਰੀ ਤੋਂ ਕੱਢ ਦਿਉ।' ਪਰ ਗ੍ਰਹਿ ਮੰਤਰੀ ਨੇ ਮੇਰੇ ਪੱਤਰ ਦੇ ਉਤਰ ਵਿਚ ਮੁਖ ਮੰਤਰੀ ਦੇ ਸਿਖ ਵਿਰੋਧੀ ਵਤੀਰੇ ਦਾ ਜ਼ੋਰਦਾਰ ਪੱਖ ਪੂਰਿਆ। ਇਹ ਹਮਾਇਤ ਸਾਬਤ ਕਰਦੀ ਹੈ ਕਿ, 'ਪੰਥ ਮਾਰੂ ਦੌੜ ਵਿਚ ਸਭ ਇਕ ਹਨ।'---ਸੰਤ ਜੀ ਨੇ ਕਿਹਾ ਕਿ ਇਹ ਧੱਕੇ ਤੇ ਵਿਤਕਰੇ ਸਹਿਣਾ ਬੁਜ਼ਦਿਲੀ ਹੈ। ਜਿਥੇ ਸਿੰਘ ਸਿਪਾਹੀਆਂ ਨੇ ਦੇਸ਼ ਦੀ ਸੁਤੰਤਰਤਾ ਲਈ ਅੰਗਰੇਜ਼ਾਂ ਦਾ ਹੁਕਮ ਮੰਨਣੋਂ ਨਾਂਹ ਕਰਕੇ ਫਾਂਸੀਆਂ ਚੁੰਮੀਆਂ ਤੇ ਕਾਲੇ ਪਾਣੀ ਗਏ, ਉਥੇ ਸੰਤ ਪ੍ਰੇਮ ਸਿੰਘ ਜੀ ਹੋਤੀ ਮਰਦਾਨ, ਬਾਬਾ ਰਾਮ ਸਿੰਘ ਜੀ ਨਾਮਧਾਰੀ, ਸੰਤ ਅੱਤਰ ਸਿੰਘ ਜੀ ਮਸਤੂਆਣਾ ਅਤੇ ਬਹੁਤ ਸਾਰੇ ਹੋਰ ਮਹਾਂ ਪੁਰਸ਼ਾਂ ਨੇ ਭੀ ਫ਼ੌਜੀ ਜੀਵਨ ਚੋਂ ਸਿਖੀ ਪ੍ਰਚਾਰ ਵਿਚ ਪ੍ਰਵੇਸ਼ ਕਰਕੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾਇਆ ਤੇ ਸਿੱਖੀ ਪ੍ਰਚਾਰ ਦੇ ਕੇਂਦਰ ਦੇਸ਼ ਪ੍ਰਦੇਸ਼ ਵਿਚ ਸਥਾਪਤ ਕੀਤੇ। ਗੁਰੂ ਕੇ ਬਾਗ਼, ਜੈਤੋ, ਗੰਗਸਰ, ਸ੍ਰੀ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦੇ ਪੰਥ ਤੇ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ਾਂ ਵਿਚ ਜੋ ਮਣਾਂਮੂੰਹੀਂ ਸਿਖ ਖ਼ੂਨ ਡੁਲ੍ਹਿਆ, ਸਾਬਕਾ ਫ਼ੌਜੀਆਂ ਦਾ ਉਸ ਵਿਚ ਅਹਿਮ ਯੋਗਦਾਨ ਸੀ। ਮੌਜੂਦਾ ਧਰਮ ਯੁਧ ਮੋਰਚੇ ਵਿਚ ੬੧,੫੦੦ ਤੋਂ ਵਧ ਸਿੰਘ ਜੇਲ੍ਹੀਂ ਜਾ ਚੁਕੇ ਹਨ ਤੇ ੧੦੮ ਸ਼ਹੀਦੀਆਂ ਹੋ ਚੁਕੀਆਂ ਹਨ। ਸਰਕਾਰ ਮੰਗਾਂ ਮੰਨਣ ਦੀ ਥਾਂ ਇੰਜ ਚਲ ਰਹੀ ਹੈ ਜਿਵੇਂ ਕਿ ਅਸੀਂ ਹੱਕ ਨਹੀਂ, ਕੋਈ ਭਿਖਿਆ ਮੰਗ ਰਹੇ ਹੋਈਏ। ---ਸਾਬਕਾ ਫ਼ੌਜੀ ਸੂਰਮੇ,ਜੋ ਆਪਣੀ ਜ਼ਿੰਦਗੀ ਤੇ ਜਵਾਨੀ ਦਾ ਕੀਮਤੀ ਹਿੱਸਾ ਪਿਆਰੇ ਭਾਰਤ ਲਈ ਅਣਖ ਤੇ ਸ਼ਾਨ ਭੇਟ ਕਰਨ ਪਿਛੋਂ ਘਰੋਂ ਘਰੀਂ ਆਰਾਮ ਦੇ ਜੀਵਨ ਵਿਚ ਹੋ, ਸਭ ਨੂੰ ਪੰਥ ਨੇ ਇਸ ਲਈ ਤਕਲੀਫ਼ ਦਿੱਤੀ ਹੈ ਕਿ ਆਪ ਜੀ ਆਪਣਾ ਤਜਰਬਾ, ਬਹੁ-ਮੁਲਾ ਸਹਿਯੋਗ ਤੇ ਸੇਵਾ ਪੰਥ ਤੇ ਪੰਜਾਬ ਦੇ ਅਰਪਨ ਕਰੋ।


www.AKJ.Org

ਇਸ ਲਈ ਬਹਾਦਰ ਸਾਬਕਾ ਫ਼ੌਜੀ ਅਫ਼ਸਰਾਂ ਤੇ ਜਵਾਨਾਂ ਨੂੰ ਜੋ ਪੰਥ ਦੀ ਕੀਮਤੀ ਪੂੰਜੀ ਹਨ, ਅੱਜ ਪੰਥ ਵੰਗਾਰਦਾ ਹੈ ਕਿ ਇਸ ਬਿਖੜੇ ਸਮੇਂ ਤੁਸੀਂ ਪੰਥ ਦੇ ਬੇੜੇ ਨੂੰ ਆਪਣਾ ਮਜ਼ਬੂਤ ਮੋਢਾ ਲਾਓ ਅਤੇ ਆਪਣੇ ਸੁਖ ਆਰਾਮ ਪੰਥ ਉਤੋਂ ਵਾਰ ਦਿਉ। ਅਕਾਲੀ ਦਲ ਦੀਆਂ ਮੰਗਾਂ ਸਾਰੇ ਪੰਜਾਬੀਆਂ, ਸਾਰੇ ਸੂਬਿਆਂ ਤੇ ਦੇਸ਼ ਦੀ ਸਦੀਵੀ ਸਦਭਾਵਨਾ ਅਤੇ ਅਮਨ-ਸ਼ਾਂਤੀ ਦੀ ਗਰੰਟੀ ਦੀ ਬੁਨਿਆਦ ਵਾਲੀਆਂ ਹਨ। ਭਾਰਤ ਦੀ ਅਖੰਡਤਾ ਸਾਨੂੰ ਜਾਨ ਤੋਂ ਪਿਆਰੀ ਹੈ, ਪਰ ਉਹ ਖ਼ੁਦਗਰਜ਼ ਤੇ ਦੇਸ਼-ਡੋਬੂ ਸ਼ਕਤੀਆਂ, ਜੋ ਰਾਜ ਸੱਤਾ ਪ੍ਰਾਪਤ ਕਰਕੇ ਪੱਖਪਾਤੀ ਤੇ ਅਨਿਆਈ ਹੋ ਚੁਕੀਆਂ ਹਨ, ਕੋਲੋਂ ਦੇਸ਼ ਤੇ ਇਸ ਦੀ ਅਖੰਡਤਾ ਨੂੰ ਖ਼ਤਰਾ ਹੈ। ਇਸ ਧਰਮ ਯੁਧ ਦੀ ਜਿਤ ਪੰਥ, ਪੰਜਾਬ ਤੇ ਦੇਸ਼ ਦੀ ਏਕਤਾ, ਲੋਕ-ਰਾਜ ਤੇ ਭਾਰਤ ਦੇ ਲੋਕਾਂ ਦੀ ਜਿੱਤ ਤੇ ਲੁਟ-ਖਸੁਟ ਦਾ ਖ਼ਾਤਮਾ ਹੋਵੇਗੀ ਤੇ ਦੁਨੀਆਂ ਵਿਚ ਧਰਮ, ਨਿਆਂ ਤੇ ਬਰਾਬਰੀ ਦੀ ਫਤਹ ਹੋਵੇਗੀ।

—ਰੋਜ਼ਾਨਾ 'ਅਜੀਤ' ੨੪-੧੨-੮੨

## ਹਮਦਰਦ ਜੀ ਵਲੋਂ ਹਿੰਦੂ ਪਰੈਸ ਤੇ ਕਰੜੀ ਨੁਕਤਾਚੀਨੀ

### ਦੱਸੋ ! ਦੱਸੋ !! ਫ਼ੌਜੀਆਂ ਨੇ ਕੀ ਗੁਨਾਹ ਕਰ ਦਿਤੇ ?

### ਦਸੋ ! ਕੀਤਾ ਕੀ ਜਾਏ ?

ਸਾਡੇ ਪੰਜਾਬੀਅਤ ਵਿਰੋਧੀ ਪ੍ਰੈਸ ਨੇ ਅਜੀਬ ਰਵਈਆ ਧਾਰਨ ਕਰ ਰਖਿਆ ਹੈ। ਅਸੀਂ ਸਮਝਦੇ ਹਾਂ ਕਿ ਪੰਜਾਬ ਦਾ ਇਹ ਵਿਰੋਧੀ ਪ੍ਰੈਸ ਹੀ ਹੈ ਜਿਸ ਨੇ ੧੯੨੦ ਤੋਂ ਲੈ ਕੇ ਅਜ ੧੯੮੨ ਤਕ ਉਲਟੇ ਤੌਰ ਤੇ ਹੀ ਸੋਚਿਆ ਹੈ।.........ਜ਼ਰਾ ਦੇਸ਼ ਦੇ ਬਟਵਾਰੇ ਤੋਂ ਪਿਛੋਂ ਦੀਆਂ ਗਲਾਂ ਲਉ। ਇਸ ਪ੍ਰੈਸ ਨੇ ਧੂਆਂਧਾਰ ਪ੍ਰਾਪੇਗੰਡਾ ਕੀਤਾ ਕਿ ਪੰਜਾਬੀ ਕਿਉਂਕਿ ਸਿਖਾਂ ਦੀ ਜ਼ਬਾਨ ਹੈ, ਇਸ ਲਈ ਇਹ ਪੰਜਾਬ ਦੇ ਸਦੀਆਂ ਤੋਂ ਵਸਦੇ ਆ ਰਹੇ, ਪੰਜਾਬੀ ਬੋਲੀ ਦਾ ਰਾਤ ਦਿਨੇ ਪ੍ਰਯੋਗ ਕਰਦੇ ਹੋਏ ਅਤੇ ਆਪਣੇ ਆਪ ਨੂੰ ਪੰਜਾਬੀ ਕਹਿੰਦੇ ਹੋਏ ਜੋ ਮਰਦਮ ਸ਼ੁਮਾਰੀ ਵੇਲੇ ਆਪਣੀ ਮਾਤਰਾ ਭਾਸ਼ਾ ਜਾਂ ਮਾਦਰੀ ਜ਼ਬਾਨ ਹਿੰਦੂ ਲਿਖਵਾਉਂਦੇ ਹਨ ਤਾਂ ਇਸ ਨਾਲੋਂ ਹੋਰ ਵਡਾ, ਕੌੜਾ ਤੇ ਖਤਰਨਾਕ ਝੂਠ ਕੀ ਹੋ ਸਕਦਾ ਹੈ ? ਇਹ ਗਲ ਅਫਸੋਸਨਾਕ ਹੈ ਕਿ ਸਾਡੇ ਇਹ ਅਖ਼ਬਾਰ ਅਜੇ ਤਕ ਵੀ ਇਸ 'ਦਲੇਰਾਨਾ' ਪੈਂਤੜੇ ਤੇ ਕਾਇਮ ਹਨ।ਇਨ੍ਹਾਂ ਦੇ ਖਤਰਨਾਕ ਰਵਈਏ ਤੋਂ ਪੰਜਾਬੀ ਨੂੰ ਬਚਾਉਣ ਲਈ ਪੰਜਾਬੀ ਜ਼ਬਾਨ ਦੇ ਆਧਾਰ ਤੇ ਇਕ ਸੂਬਾ ਬਣਾਉਣ ਦੀ ਮੰਗ ਕੀਤੀ ਗਈ। ਕਿਉਂਕਿ ਇਹ ਮੰਗ ਅਕਾਲੀਆਂ ਨੇ ਕੀਤੀ ਸੀ ਇਸ ਲਈ ਇਨ੍ਹਾਂ 'ਕੋਮ ਪ੍ਰਸਤ' ਮਹੋਦੇ ਪਤਰਕਾਰਾਂ ਨੇ ਇਸ ਨੂੰ ਸਿਖਸਤਾਨ ਦੀ ਮੰਗ ਕਹਿਣਾ ਸ਼ੁਰੂ ਕਰ ਦਿਤਾ। ਬਥੇਰਾ ਕਿਹਾ ਗਇਆ ਕਿ ਇਹ ਨਿਰੋਲ ਭਾਸ਼ਾਈ ਮੰਗ ਹੈ, ਇਸ ਨੂੰ ਫਿਰਕੂ ਨਾ ਆਖੋ, ਪਰ ਉਹ ਲੋਕ ਕਿਸ ਤਰ੍ਹਾਂ ਟਲਣ ਜਿਨ੍ਹਾਂ ਦਾ ਨੁਕਤਾ ਨਜ਼ਰ (ਦ੍ਰਿਸ਼ਟੀ-ਕੋਨ) ਵਿਕਰੀ ਤੇ ਦੁਕਾਨਦਾਰੀ ਵਧਾਉਣਾ ਸੀ ਅਤੇ ਅਕਾਲੀਆਂ ਦਾ ਵਿਰੋਧ ਕਰਕੇ 'ਹੀਰੋ' ਬਣਨਾ ਸੀ। ਜਦੋਂ ਰੀਪਬਲਕਿਨ ਪਾਰਟੀ, ਸੋਸ਼ਲਿਸਟ ਪਾਰਟੀ, ਦੋਹਾਂ ਕਮਿਊਨਿਸਟ ਪਾਰਟੀਆਂ ਨੇ ਵੀ ਪੰਜਾਬੀ ਸੂਬੇ ਦੀ ਮੰਗ ਦੀ ਪਰੋੜਤਾ ਕਰ ਦਿਤੀ ਤਾਂ ਵੀ ਇਹ ਇਸ ਨੂੰ ਫਿਰਕਾ-ਪ੍ਰਸਤ ਮੰਗ ਕਹਿੰਦੇ ਰਹੇ। ਇਹ ਵੀ ਕਹਿੰਦੇ ਰਹੇ ਕਿ ਪੰਜਾਬੀ ਸੂਬੇ ਵਿਚੋਂ ਹਿੰਦੂ ਕਢ ਦਿਤੇ ਜਾਣਗੇ, ਏਥੇ ਹੇਠਲੀ ਉਤੇ ਹੋ ਜਾਏਗੀ, 'ਯੋਹ' ਹੋ ਜਾਏਗਾ, ਵੋਹ ਹੋ ਜਾਏਗਾ ਤੇ ਖਾਲਿਸਤਾਨ ਬਣ ਕੇ ਏਥੇ ਪੂਰੀ ਤਰ੍ਹਾਂ ਖਾਲਸੇ ਦਾ ਰਾਜ ਹੋ ਜਾਏਗਾ। ਪਰ ਪੰਜਾਬੀ ਸੂਬਾ ਬਣ ਗਇਆ ਤਾਂ ਅਸੀਂ ਇਨ੍ਹਾਂ ਨੂੰ ਪੁਛਿਆ ਤੇ ਅਜ ਪੰਜਾਬੀ ਸੂਬਾ ਬਣੇ ਨੂੰ ਸੋਲਾਂ ਸਾਲ ਹੋ ਜਾਣ ਤੋਂ ਬਾਅਦ ਪੁਛਦੇ ਹਾਂ ਕਿ ਏਥੇ ਕੀ ਹੋ ਗਿਆ ਹੈ ? ਕੀ ਕਾਂਗਰਸ ਦਾ ਰਾਜ ਨਹੀਂ ? ਕੀ ਹਿੰਦੂਆਂ ਨੂੰ ਕਢ ਦਿੱਤਾ ਗਇਆ ਹੈ ? ਕੀ ਏਥੇ ਹੇਠਲੀ ਉਤੇ ਆ ਗਈ ਹੈ ? ਤਾਂ ਇਹ ਲੋਕਾਂ ਸਾਹਮਣੇ ਛਿਥੇ ਪੈ ਜਾਣ ਦੇ ਡਰ ਤੋਂ ਇਨ੍ਹਾਂ ਸਵਾਲਾਂ ਦਾ ਜਵਾਬ ਤਾਂ ਦੇਂਦੇ ਨਹੀਂ, ਪਰ ਹੋਰ ਨਵੇਂ ਤੋਂ ਨਵੇਂ ਸ਼ੋਸ਼ੇ ਛਡ ਰਹੇ ਹਨ।--- ਇਕ ਸ਼ੋਸ਼ਾ ਇਹ ਵੀ ਹੈ ਕਿ ਆਨੰਦਪੁਰ ਦਾ ਮਤਾ ਦੇਸ਼ ਤੋਂ ਅਡ ਹੋਣ ਦਾ ਮਤਾ ਹੈ। ਬਥੇਰਾ ਕਿਹਾ ਗਇਆ ਕਿ ਇਹ ਸੂਬਿਆਂ ਨੂੰ ਵਧ ਅਧਿਕਾਰ ਦੇਣ ਦਾ ਮਤਾ ਹੈ, ਇਸ ਨੂੰ ਗਲਤ ਨਾ ਸਮਝੋ ਪਰ ਇਹ ਲੋਕ ਅਜੇ



www.AKJ.Org

ਤਕ ਆਪਣੀ ਗਲ ਤੇ ਡਟੇ ਹੋਏ ਹਨ। ਕਾਮਰੇਡ ਬਾਸੂ ਤੇ ਉਨ੍ਹਾਂ ਦੀ ਪਾਰਟੀ ਸੀ. ਪੀ. ਐਮ. ਇਸ ਮਤੇ ਨੂੰ ਸਮਝ ਗਏ ਹਨ। ਸ੍ਰੀ ਕੁਲਦੀਪ ਨਯਰ ਵਰਗੇ ਪ੍ਰਸਿਧ ਅਖਬਾਰ ਨਵੀਸ ਤੇ ਸ੍ਰੀ ਆਈ. ਕੇ. ਗੁਜਰਾਲ ਵਰਗੇ ਇਸ ਮਤੇ ਦੇ ਹਮਾਇਤੀ ਬਣ ਗਏ ਹਨ ਤੇ ਜਨ ਸੰਘ (ਭਾਰਤੀ ਜਨਤਾ ਪਾਰਟੀ) ਤੋਂ ਬਿਨਾਂ ਹੋਰ ਪਾਰਟੀਆਂ ਵੀ ਮੰਨ ਗਈਆਂ ਹਨ, ਪਰ ਇਹ ਅਖਬਾਰ ਨਵੀਸ ਅਜੇ ਤਕ ਨਹੀਂ ਸਮਝੇ ਤੇ ਪੂਰੀ 'ਦਲੇਰੀ' ਨਾਲ ਕਹਿ ਰਹੇ ਹਨ ਕਿ ਇਹ ਖਾਲਿਸਤਾਨ ਦਾ ਹੀ ਮਤਾ ਹੈ। ਅਕਾਲੀ ਦਲ ਤੇ ਵਿਸ਼ਵਾਸ ਨਹੀਂ ਕਰਦੇ ਕਿ ਉਹ ਖਾਲਿਸਤਾਨ ਦਾ ਵਿਰੋਧੀ ਹੈ, ਪਰ ਪੂਰੇ ਜ਼ੋਰ ਨਾਲ ਕਹਿ ਰਹੇ ਹਨ ਕਿ ਇਹ ਮੰਗ ਖਾਲਿਸਤਾਨ ਦੀ ਮੰਗ ਹੈ। ਅਕਾਲੀ ਵਖਵਾਦੀ ਹਨ, ਸੰਤ ਜਰਨੈਲ ਸਿੰਘ ਅਤਿਵਾਦੀ ਹਨ ਤੇ ਅਕਾਲੀ ਸਿੱਖ ਰਾਜ ਕਾਇਮ ਕਰਨਾ ਚਾਹੁੰਦੇ ਹਨ। ਇਹ ਤਾਂ ਅਸੀਂ ਦੋ ਮਿਸਾਲਾਂ ਦਿਤੀਆਂ ਹਨ, ਇਸਤਰ੍ਹਾਂ ਦੀਆਂ ਦਰਜਨਾਂ ਮਿਸਲਾਂ ਦਿਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਤੋਂ ਪਿਛੋਂ ਇਹ ਹੀ ਪੁਛਣਾ ਪੈਂਦਾ ਹੈ:-

ਦਸੋ! ਕੀਤਾ ਕੀ ਜਾਏ?

ਤੇ ਹੁਣ ਫੌਜੀਆਂ ਦਾ ਵੀ ਵਿਰੋਧ!

ਸੰਤ ਲੌਂਗੋਵਾਲ ਨੇ ਸਾਬਕ ਫੌਜੀਆਂ ਦੀ ਮੀਟਿੰਗ ਕੀ ਬੁਲਾਈ, ਇਸ 'ਪ੍ਰੈਸ' ਨੇ ਬੇਥਵੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਭੜਕੀਲਾ ਤੇ ਜ਼ਾਰਹਾਨਾ ਪ੍ਰਾਪੇਗੰਡਾ ਕੀਤਾ ਗਇਆ, ਅਪੀਲਾਂ ਕੀਤੀਆਂ ਤੇ ਕਰਵਾਈਆਂ ਗਈਆਂ ਕਿ ਸਾਬਕ ਫੌਜੀ ਇਸ ਮੀਟਿੰਗ ਵਿਚ ਸ਼ਾਮਲ ਨਾ ਹੋਣ। ਕਿਉਂ? ਇਸ ਲਈ ਕਿ ਉਹਨਾਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਹੁੰਦੀਆਂ ਬੇਇਨਸਾਫੀਆਂ ਦਾ ਦੁਖ ਨਹੀਂ? ਇਸ ਲਈ ਉਹ ਚੁਪ ਰਹਿਣ ਕਿ ਸਿਖਾਂ ਨਾਲ ਵਿਤਕਰੇ ਹੋ ਰਹੇ ਹਨ ਤੇ ਬਤੌਰ ਸਿਖ ਉਨ੍ਹਾਂ ਨੂੰ ਚੌਧਰੀ ਭਜਨ ਲਾਲ ਦੇ ਰਵਈਏ ਵਿਰੁਧ ਕੋਈ ਦੁਖ ਨਹੀਂ? ਇਸ ਲਈ ਉਹ ਆਪਣੇ ਮੂੰਹ ਬੰਦ ਰਖਣ ਕਿ ਸਿਖਾਂ ਦੀਆਂ ਧਾਰਮਿਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ? ਇਸ ਲਈ ਉਹ ਮੀਟਿੰਗ ਵਿਚ ਹਿਸ੍ਹਾ ਨਾ ਲੈਣ ਕਿ ਉਹ ਦੇਖ ਰਹੇ ਹਨ ਕਿ ਦਰਿਆਵਾਂ ਦੇ ਪਾਣੀਆ ਬਾਰੇ ਪੰਜਾਬ ਦਾ ਹਿਸਾ ਕਟ ਕੇ ਦੂਜੇ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ? ਕੀ ਉਹ ਨਹੀਂ ਦੇਖ ਰਹੇ ਕਿ ਰਾਵੀ ਦੇ ਪਾਣੀ ਵਿਚ ਰਾਜਸਥਾਨ ਨੇ ਹਿਸ੍ਹਾ ਮੰਗਿਆ ਨਹੀਂ, ਪਰ ਉਸ ਨੂੰ ਹਿਸਾ ਦਿਤਾ ਜਾ ਰਿਹਾ ਹੈ ਅਤੇ ਦੱਲੀ ਪ੍ਰਸ਼ਾਸਨ ਦੀ ਟੰਗ ਵੀ ਇਸ ਵਿਚ ਫਸਾਈ ਜਾ ਰਹੀ ਹੈ? ਭਲਾ ਉਸ ਦਾ ਇਸ ਸਬੰਧ ਵਿਚ ਕੀ ਹਕ ਹੈ? ਕੀ ਸਾਡੇ ਫੌਜੀਆਂ ਨੇ ਇਸ ਦੇਸ਼ ਦੀ ਰਖਿਆ ਲਈ ਧਰਮ ਯੁਧ ਦੇ ਜਜ਼ਬੇ ਵਿਚ ਅਪਣੇ ਸੀਸ ਹਥਲੀ ਤੇ ਰਖ ਕੇ ਜਾਨਾਂ ਦੀਆਂ ਬਾਜ਼ੀਆਂ ਨਹੀਂ ਲਗਾਈਆਂ? ਕੀ ਉਹ ਇਹ ਦੇਖ ਕੇ ਵੀ ਚੁਪ ਰਹਿਣ ਕਿ ਸਿਖਾਂ ਦੀ ਫੌਜ ਦੀ ਭਰਤੀ ਡੇਢ ਫੀ ਸਦੀ ਕਰ ਦਿਤਾ ਗਈ ਹੈ? ਕੀ ਉਹ ਪੰਜਾਬੀ ਹੁੰਦੇ ਹੋਏ ਵੀ ਇਹ ਦੇਖ ਕੇ ਵੀ ਚੁਪ ਰਹਿਣ ਕਿ ਪੰਜਾਬ ਦੀ ਜਿੰਦ ਕਢਣ ਲਈ ਚੰਡੀਗੜ੍ਹ ਤੇ ਉਸ ਦੇ ਹੋਰ ਇਲਾਕੇ, ਉਥ ਤਾਂ ਉਸ ਦੇ ਹੈਡਵਰਕਸ ਆਦਿ ਖੋਹੇ ਗਏ ਹਨ ਤੇ ਖੋਹੇ ਜਾ ਰਹੇ ਹਨ? ਸਾਨੂੰ ਅਫ਼ਸੋਸ ਹੈ ਕਿ ਇਨ੍ਹਾਂ ਜਾਲਬਾਜ਼ ਲੋਕਾਂ ਬਾਰੇ ਭੁਲੇਖੇ ਪਾਏ ਗਏ। ਅਸੀਂ ਮਸਲਹਤ ਕਾਰਨ ਚੁਪ ਰਹੇ ਤੇ ਇਹ ਗਲ ਬਰਦਾਸ਼ਤ ਕਰ ਗਏ ਕਿ ਪੰਜਾਬ ਵਿਰੋਧੀ ਪ੍ਰੈਸ ਨੇ ਭੜਕੀਲੇ ਲੇਖ ਲਿਖੇ। ਅਸੀਂ ਭੜਕਾਹਟ ਵਿਚ ਉਸ ਨੂੰ ਮਾਤ ਦੇ ਸਕਦੇ ਸਾਂ, ਪਰ ਮਸਲਹਤ ਇਹ ਸੀ ਕਿ ਇਸ ਸੁਬੰਧ ਵਿਚ ਹੋਰ ਭੜਕਾਹਟ ਪੈਦਾ ਕਰਨ ਦਾ ਮਸਲਾ ਨਾ ਦਿਤਾ ਜਾਏ।

ਦੱਸੋ! ਦੱਸ!! ਕੀ ਕਹਿਰ ਹੋ ਗਇਆ ਹੈ?

……… ਜੇ ਜਨਰਲ ਸਪੈਰੋ ਕਾਂਗਰਸ ਦੇ ਟਿਕਟ ਤੇ ਚੋਣ ਲੜ ਕੇ ਲੋਕ ਸਭਾ ਦੇ ਮੈਂਬਰ ਬਣ ਸਕਦੇ ਹਨ ਤੇ ਸਾਬਿਕ ਫ਼ੌਜੀ ਸਿਆਸਤ ਵਿਚ ਹਿੱਸਾ ਲੈ ਸਕਦੇ ਹਨ ਤਾਂ ਸਾਬਿਕ ਸਿਖ ਫ਼ੌਜੀ ਹਿੱਸਾ ਕਿਉਂ ਨਹੀਂ ਲੈ ਸਕਦੇ? ਅਜੀਬ ਗੱਲ ਹੈ ਕਿ ਦੂਜੀਆਂ ਪਾਰਟੀਆਂ ਵਿਚ ਸ਼ਾਮਿਲ ਹੋ ਕੇ ਤਾਂ ਫ਼ੌਜੀ ਸਿਆਸਤ ਵਿਚ ਹਿੱਸਾ ਲੈ ਸਕਦੇ ਹਨ, ਪਰ ਜੇ ਸਿਖਾਂ ਦੀਆਂ ਧਾਰਮਿਕ ਅਤੇ ਸਿਆਸੀ ਮੰਗਾਂ ਲਈ ਇਕ ਮੀਟਿੰਗ ਕਰਦੇ ਹਨ ਅਤੇ



www.AKJ.Org

ਉਹ ਮੀਟਿੰਗ ਅਕਾਲੀ ਦਲ ਬੁਲਾਉਂਦਾ ਹੈ ਤਾਂ ਸਮਝਿਆ ਜਾਂਦਾ ਹੈ ਕਿ ਇਕ ਬਹੁਤ ਵੱਡਾ ਜੁਰਮ ਕੀਤਾ ਜਾ ਰਿਹਾ ਹੈ। ਸਾਬਕ ਫ਼ੌਜੀ ਸਿਖ ਹਨ, ਸਗੋਂ ਪੱਕੇ ਸਿਖ, ਉਹ ਪੰਜਾਬੀ ਹਨ ਸਗੋਂ ਕਟੜ ਪੰਜਾਬੀ ਅਤੇ ਉਹ ਬੇਇਨਸਾਫ਼ੀਆਂ ਤੇ ਧੱਕਿਆਂ ਵਿਰੁਧ ਲੜਨ ਵਾਲੇ ਲੋਗ ਹਨ। ਜੇ ਉਨ੍ਹਾਂ ਨੇ ਮੀਟਿੰਗ ਵਿਚ ਸ਼ਾਮਿਲ ਹੋ ਕੇ ਸਿਖੀ ਤੇ ਪੰਜਾਬੀਅਤ ਲਈ ਨਾਅਰਾ ਬੁਲੰਦ ਕੀਤਾ ਹੈ ਅਤੇ ਠੀਕ ਮੰਗਾਂ ਨੂੰ ਠੀਕ ਆਖ ਦਿਤਾ ਹੈ ਤਾਂ ਉਹ ਕਿਹੜਾ ਦੇਸ਼ ਭਗਤੀ ਦਾ ਅਸੂਲ ਹੈ ਜਿਸ ਦੀ ਉਨ੍ਹਾਂ ਨੇ ਉਲੰਘਣਾ ਕੀਤੀ ਹੈ। ਪੰਜਾਬ ਦੇ ਆਰੀਆ ਸਮਾਜੀ ਕਟੜ ਫ਼ਿਰਕੂ ਹੁੰਦੇ ਹੋਏ ਜੇ ਸੁਪਰੀਮ ਕੋਰਟ ਦੇ ਜੱਜ ਜਾਂ ਚੀਫ਼ ਜਸਟਿਸ ਬਣ ਸਕਦੇ ਹਨ ਤੇ ਉਥੋਂ ਵਾਪਸ ਆ ਕੇ ਫੇਰ ਫ਼ਿਰਕਾ-ਪ੍ਰਸਤੀ ਦੇ ਸੋਮੇ ਡੀ. ਏ. ਵੀਜ਼ ਦੀ ਸੰਸਥਾ ਦੇ ਸੰਚਾਲਕ ਬਣ ਸਕਦੇ ਹਨ ਤਾਂ ਦਸਿਆ ਜਾਏ ਕਿ ਦੁਨੀਆਂ ਦਾ ਕਿਹੜਾ ਕਾਨੂੰਨ ਹੈ ਜੋ ਸਾਬਿਕ ਸਿਖ ਫ਼ੌਜੀਆਂ ਨੂੰ ਧਾਰਮਿਕ ਤੇ ਸਿਆਸੀ ਧਕਿਆਂ ਵਿਰੁਧ ਲੜਨੋਂ ਰੋਕ ਸਕਦਾ ਹੈ ? 'ਹਮਦਰਦ' —ਰੋਜ਼ਾਨਾ ਅਜੀਤ ੨੫ ਦਸੰਬਰ ੮੨,

# ਵਲਾਇਤ ਵਿਚ 'ਸਾਬਤ ਸੂਰਤਿ ਦਸਤਾਰ ਸਿਰਾ' ਵਾਲੇ ਸਰੂਪ ਦਾ ਸਿਹਰਾ

## ਗੁਰਬਾਣੀ ਦਾ ਸੰਦੇਸ਼ ਘਰ ਘਰ ਪਹੁੰਚਾਓ—ਹਮਦਰਦ

ਕਪੂਰਥਲਾ : ਮਿੰਟਗੁਮਰੀ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ, ਕਪੂਰਥਲਾ ਵਲੋਂ ਛੇਵੀਂ ਅੰਤਰ ਕਾਲਜ ਸ਼ਬਦ ਗਾਇਨ ਪ੍ਰਤੀਯੋਗਤਾ ਵਿਚ ਪ੍ਰਧਾਨਗੀ ਭਾਸ਼ਨ ਦੇਂਦਿਆਂ ਅਜੀਤ ਦੇ ਮੁਖ ਸੰਪਾਦਕ ਡਾ: ਸਾਧੂ ਸਿੰਘ ਹਮਦਰਦ ਨੇ ਕਿਹਾ ਕਿ ਸਰਲ ਸਾਂਝੀ ਗੁਰਬਾਣੀ ਦਾ ਸੰਦੇਸ਼ ਘਰ ਘਰ ਪਹੁੰਚਾਉਣਾ ਚਾਹੀਦਾ ਹੈ ਅਤੇ ਇਥੇ ਜਿੰਨੇ ਜਥਿਆਂ ਨੇ ਕੀਰਤਨ ਕੀਤਾ ਹੈ ਉਸ ਤੋਂ ਸਿਧ ਹੋ ਜਾਂਦਾ ਹੈ ਕਿ ਸਾਡੇ ਨੌਜਵਾਨ ਵਿਦਿਆਰਥੀ ਵੀ ਇਸ ਪਾਸੇ ਰੁਚਿਤ ਹਨ। ਹਮਦਰਦ ਸਾਹਿਬ ਨੇ ਕਿਹਾ ਕਿ ਫ਼ੀਰੋਜ਼ਦੀਨ ਸ਼ਰਫ਼ ਦਾ ਇਕ ਸ਼ਅਰ ਸੀ, "ਦੱਸੇ ਕੀਰਤਨ ਦੇ ਕੀ 'ਰਤਨ' ਬੰਦਾ।"

ਇਸ ਸ਼ੇਅਰ ਦੀ ਸਚਾਈ ਦਾ ਮੈਨੂੰ ੧੯੭੫ ਵਿਚ 'ਸਾਬਤ ਸੂਰਤਿ ਦਸਤਾਰ ਸਿਰਾ' ਵਾਲੇ ਸਿਖਾਂ ਨੂੰ ਵੇਖ ਕੇ ਅਨੁਭਵ ਹੋਇਆ ਕਿਉਂਕਿ ਉਥੇ ਹੀ ਮੈਂ ੧੯੬੭ ਵਿਚ ਵੇਖਿਆ ਸੀ ਕਿ ਬਹੁਤ ਸਾਰੇ ਸਿਖ ਸਿਖੀ ਸਰੂਪ ਨੂੰ ਤਿਲਾਂਜਲੀ ਦੇਈ ਫਿਰਦੇ ਸਨ। ਪੁਛਣ ਉਤੇ ਪਤਾ ਲਗਾ ਕਿ ਇਹ ਸਿੰਘ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨ ਦਾ ਨਤੀਜਾ ਹੈ, ਜਿਹੜੇ ਸਿੱਖੀ ਰਹਿਤ ਬਹਿਤ ਵਿਚ ਪਰਪੱਕ ਹੁੰਦੇ ਹੋਏ ਵਲਾਇਤ ਵਿਚ ਮੁਫ਼ਤ ਕੀਰਤਨ ਕਰਕੇ ਸਿਖੀ ਦਾ ਪ੍ਰਚਾਰ ਕਰਦੇ ਰਹੇ ਸਨ। ਹਮਦਰਦ ਸਾਹਿਬ ਨੇ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਕਿ ਗੁਰਬਾਣੀ ਮਿਠੀ ਪੰਜਾਬੀ ਵਿਚ ਰਚੀ ਗਈ ਹੈ ਤੇ ਕੀਰਤਨ ਰਾਹੀਂ ਉਸ ਦਾ ਅਸਰ ਬਹੁਤ ਡੂੰਘਾ ਹੁੰਦਾ ਹੈ। —ਰੋਜ਼ਾਨਾ ਅਜੀਤ, ੧੯-੧੨-੮੨, ਪੰਨਾ ੫

# ਅੰਮ੍ਰਿਤਾ ਅਤੇ ਸਿਖੀ ਤੇ ਹਮਲਾ ਕਰਨ ਵਾਲਿਆਂ ਵਿਰੁਧ ਕਾਨੂੰਨੀ ਕਾਰਵਾਈ ਹੋਵੇਗੀ—

ਅੰਮ੍ਰਿਤਸਰ, ੨੦ ਦਸੰਬਰ—ਸ: ਭਾਨ ਸਿੰਘ ਜੀ ਸਕੱਤਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਹੈ ਕਿ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਲੇਖਾਂ ਵਿਚ ਸਿੱਖੀ ਤੇ ਜੋ ਕਥਿਤ ਹਮਲੇ ਕੀਤੇ ਹਨ, ਉਹਨਾਂ ਸੰਬੰਧੀ ਸ: ਸੁਰਜੀਤ ਸਿੰਘ ਸੇਖੀ ਦੇ ਲੇਖਾਂ ਤੋਂ ਵੀ ਰੌਸ਼ਨੀ ਪਈ ਹੈ। ਇਸ ਸੰਬੰਧੀ ਧਰਮ ਪ੍ਰਚਾਰ ਕਮੇਟੀ ਨੂੰ ਸੰਬੰਧਤ ਮਟੀਰੀਅਲ ਭੇਜ ਦਿਤਾ ਗਿਆ ਹੈ, ਤਾਂ ਜੁ ਅੰਮ੍ਰਿਤਾ ਪ੍ਰੀਤਮ ਤੇ ਹੋਰ ਲੇਖਕਾਂ ਦੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ, ਜਿਨ੍ਹਾਂ ਨੇ ਸਿਖੀ ਤੇ ਹਮਲੇ ਕੀਤੇ ਹਨ। ਸ: ਭਾਨ ਸਿੰਘ ਜੀ ਨੇ ਸ: ਸਖੀ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਸਿਖੀ ਤੇ ਹਮਲਾ ਕਰਨ ਵਾਲਿਆਂ ਦਾ ਢੁਕਵਾਂ ਉਤਰ ਦੇ ਕੇ ਅਜਿਹਾ ਕਰਨ ਵਾਲਿਆਂ ਨੂੰ ਠਲ੍ਹ ਪਾਈ ਹੈ। ਰੋਜ਼ਾਨਾ ਅਜੀਤ, ੨੧ ਦਸੰਬਰ, ਪੰਨਾ ੬


www.AKJ.Org

## ਗਿਆਨੀ ਹਰਭਜਨ ਸਿੰਘ ਜੀ ਗੁਰਪੁਰੀ ਸਿਧਾਰ ਗਏ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਦੀ ਛਪਾਈ ਦੀ ਸੇਵਾ ਕਰਨ ਵਾਲੇ ਅਤੇ ਗਿ: ਦਲੀਪ ਸਿੰਘ ਜੀ ਫੂਲਾਂਵਾਲ ਨਾਲ ਬਾਟੇ ਦੀ ਸਾਂਝ ਰਖਣ ਵਾਲੇ ਰੰਗਲੇ ਸਜਣ ਗਿਆਨੀ ਹਰਭਜਨ ਸਿੰਘ ਜੀ ਮਿਤੀ ੩ ਦਸੰਬਰ ੧੯੮੨ ਨੂੰ ਅਕਾਲ ਚਲਾਣਾ ਕਰ ਗਏ ਹਨ। ਇਨ੍ਹਾਂ ਨੇ ਭਾਈ ਸਾਹਿਬ ਜੀ ਦੇ ਸੰਗ ਸਾਥ ਜੇਲ੍ਹ ਯਾਤਰਾ ਵੀ ਕੀਤੀ ਸੀ। ਆਪ ਜੀ ਨੇ ਤੇ ਗਿ: ਦਲੀਪ ਸਿੰਘ ਜੀ ਨੇ ਛੋਟੀ ਉਮਰ ਵਿਚ ਹੀ ਜਥੇਦਾਰ ਰਾਮ ਸਿੰਘ ਜੀ ਗੁਜਰਵਾਲ ਦੇ ਗ੍ਰਹਿ ਵਿਖੇ ਅੰਮ੍ਰਿਤ ਪਾਨ ਕੀਤਾ ਸੀ ਅਤੇ ਇਨ੍ਹਾਂ ਦੋਹਾਂ ਹੀ ਪ੍ਰਾਣੀਆਂ ਤੇ ਗੁਰਮਤਿ ਦੇ ਬੜੇ ਚਲੂਲੇ ਰੰਗ ਚੜ੍ਹੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ ਸਾਥ ਨਾਰੰਗਵਾਲ ਨੂੰ ਆਉਂਦਿਆਂ ਮਲਿਆਣੇ ਦੀ ਢਾਬ ਉਤੇ ਬੈਠਿਆਂ ਇਨ੍ਹਾਂ ਦੋਹਾਂ ਤੇ ਬੜੀ ਅਸਚਰਜ ਕਲਾ ਵਰਤੀ ਸੀ, ਜਿਸ ਦਾ ਜ਼ਿਕਰ ਭਾਈ ਸਾਹਿਬ ਜੀ ਨੇ ਆਪਣੀ ਪੁਸਤਕ "ਜੋਤਿ ਵਿਗਾਸ" ਵਿਚ ਕੀਤਾ ਹੈ। ਹੌਲੀ ਹੌਲੀ ਇਹ ਸਭ ਗੁਰਮੁਖ ਰੂਹਾਂ ਅਲੋਪ ਹੁੰਦੀਆਂ ਜਾ ਰਹੀਆਂ ਹਨ। ਸਤਿਗੁਰੂ ਇਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

---

## ਜਥੇਦਾਰ ਟੌਹੜਾ ਜੀ ਨੂੰ ਕਿਰਪਾਨ ਉਤਾਰਨ ਲਈ ਮਜਬੂਰ ਕਰਨਾ

ਭਾਰਤ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕਟਣ ਲਈ ਕੁਰਬਾਨੀਆਂ ਵਿਚ ਸਭ ਤੋਂ ਵਧ ਹਿੱਸਾ ਪਾਉਣ ਵਾਲੇ ਸਿੱਖਾਂ ਨਾਲ ਅਜ ਆਜ਼ਾਦ ਭਾਰਤ ਵਿਚ ਜੋ ਸਲੂਕ ਹੋ ਰਿਹਾ ਹੈ ਉਹ ਗ਼ੁਲਾਮਾਂ ਤੋਂ ਵੀ ਵਧ ਬੁਰਾ ਹੈ। ਸਿਖ ਅਜ਼ਾਦੀ ਨਾਲ ਭਾਰਤ ਵਿਚ ਵਿਚਰ ਵੀ ਨਹੀਂ ਸਕਦੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਅੰਮ੍ਰਿਤਸਰ ਵਿਚ ਹੋ ਰਹੀ ਸਾਬਕ ਫ਼ੌਜੀਆਂ ਦੀ ਕਨਵੈਨਸ਼ਨ ਵਿਚ ਸ਼ਾਮਲ ਹੋਣ ਲਈ ਜਦੋਂ ਪਟਨਾ ਸਾਹਿਬ ਤੋਂ ਹਵਾਈ ਜਹਾਜ਼ ਦੇ ਸਫ਼ਰ ਤੋਂ ਬਾਅਦ ਦਿੱਲੀ ਪਾਲਮ ਅੱਡੇ ਤੋਂ ਇੰਡੀਅਨ ਏਅਰ ਲਾਈਨਜ਼ ਰਾਹੀਂ ਸਫ਼ਰ ਕਰਨ ਲਗੇ ਤਾਂ ਉਨ੍ਹਾਂ ਨੂੰ ਗਾਤਰੇ ਦੀ ਕਿਰਪਾਨ ਉਤਾਰ ਕੇ ਪਾਈਲਾਟ ਪਾਸ ਜਮ੍ਹਾਂ ਕਰਾਣ ਲਈ ਮਜਬੂਰ ਕੀਤਾ ਗਿਆ। ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿਤੀ ਅਤੇ ਆਪਣੀ ਸਿੱਖੀ-ਰਹਿਤ "ਗਾਤਰੇ ਦੀ ਕਿਰਪਾਨ" ਨੂੰ ਆਪਣੇ ਸਰੀਰ ਨਾਲੋਂ ਅਲਹਿਦਾ ਨਹੀਂ ਹੋਣ ਦਿਤਾ। ਆਪ ਨੇ ਹਵਾਈ ਜਹਾਜ਼ ਦਾ ਸਫ਼ਰ ਛੱਡ ਦਿਤਾ, ਭਾਵੇਂ ਵੇਲੇ ਸਿਰ ਨਾ ਪੁੱਜ ਸਕਣ ਕਰਕੇ ਫ਼ੌਜੀ ਕਨਵੈਨਸ਼ਨ ਵਿਚ ਸ਼ਾਮਲ ਹੋਣ ਤੋਂ ਰਹਿ ਗਏ।

ਕੀ ਅਜ਼ਾਦ ਭਾਰਤ ਵਿਚ ਵਿਚਰ ਰਹੀਆਂ ਘਟ-ਗਿਣਤੀਆਂ ਨਾਲ ਇਹੋ ਜਿਹਾ ਵਰਤਾਉ ਧਰਮ-ਨਿਰਪੱਖਤਾ ਅਤੇ ਰਾਸ਼ਟਰੀ ਏਕਤਾ ਦਾ ਸਬੂਤ ਹੈ? ਘਟ-ਗਿਣਤੀਆਂ ਨੂੰ ਜਿਥੇ ਜੀ ਕੀਤਾ, ਰੋਕ ਲਿਆ ਅਤੇ ਸੜਕਾਂ ਬੰਦ ਕਰ ਦਿਤੀਆਂ? ਅਤੇ ਉਨ੍ਹਾਂ ਨੂੰ ਆਪਣੇ ਧਾਰਮਕ ਪ੍ਰਾਪਤ ਹੱਕਾਂ ਤੋਂ ਵੀ ਵਾਂਞੇ ਕਰ ਦੇਣ ਦੇ ਉਪਰਾਲੇ ਕੀਤੇ ਜਾਣ? ਸਰਕਾਰ ਦੇ ਇਸ ਪਖਪਾਤੀ ਤੇ ਸਿੱਖ ਵਿਰੋਧੀ ਵਤੀਰੇ ਦੇ ਸਿੱਟੇ ਭਿਆਨਕ ਨਿਕਲ ਸਕਦੇ ਹਨ।

---

# 26 ਦੇ ਬਾਅਦ ਲੜਾਈ ਫ਼ੈਸਲਾਕੁਨ—ਲੌਂਗੋਵਾਲ

ਅੰਮ੍ਰਿਤਸਰ, 26 ਦਸੰਬਰ—(ਪੀ.ਟੀ.ਆਈ.) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਕਾਲੀ ਸਤਿਆਗ੍ਰਹੀਆਂ ਨੂੰ ਵਿਦਾਇਗੀ ਦੇਂਦੇ ਹੋਏ ਐਲਾਨ ਕੀਤਾ ਕਿ ਅਕਾਲੀ ਦਲ ੨੬ ਜਨਵਰੀ ਤੋਂ ਬਾਅਦ ਫ਼ੈਸਲਾਕੁਨ ਲੜਾਈ ਲੜੇਗਾ। ੯ ਜਨਵਰੀ ਨੂੰ ਦਾਨਿਸ਼ਵਰਾਂ ਦੀ ਤੇ ਇਸ ਤੋਂ ਬਾਅਦ ਸਿਖ ਯੂਥ ਕਨਵੈਸ਼ਨ ਸਦੀ ਗਈ ਹੈ,ਜਿਸ ਵਿਚ ਸਾਰੀ ਸਥਿਤੀ ਤੇ ਵਿਚਾਰ ਕਰਨ ਦੇ ਬਾਅਦ ਅਗਲਾ ਪ੍ਰੋਗਰਾਮ ਬਣਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਸ: ਦਰਬਾਰਾ ਸਿੰਘ ਦਾ ਇਹ ਕਹਿਣਾ ਹਾਸੋਹੀਣਾ ਹੈ ਕਿ ਉਹ ਸਾਨੂੰ ਦਿਲੀ ਲੈ ਕੇ ਜਾਣਗੇ। ਸੰਤ ਜੀ ਨੇ ਕਿਹਾ ਕਿ ਅਸੀਂ ਦਿਲੀ ਜਾਣਾ ਜਾਣਦੇ ਹਾਂ ਤੇ ਉਨ੍ਹਾਂ ਨੂੰ ਦਿਲੀ ਤੋਂ ਅੰਮ੍ਰਿਤਸਰ ਲਿਆਣਾ ਵੀ ਜਾਣਦੇ ਹਾਂ।

ਸੰਤ ਜੀ ਨੇ ਦੋਸ਼ ਲਾਇਆ ਕਿ ਜੇਲ੍ਹਾਂ ਵਿਚ ਅਕਾਲੀ ਸਤਿਆਗ੍ਰਹੀਆਂ ਨਾਲ ਭੈੜਾ ਵਰਤਾਉ ਹੋ ਰਿਹਾ ਹੈ ਅਤੇ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਚ ਜੇਲ੍ਹ-ਸਟਾਫ਼ ਨੇ ਅਕਾਲੀ ਸਤਿਗ੍ਰਹੀਆਂ ਨੂੰ ਮਾਰ-ਕੁਟ ਕੀਤੀ। ਉਨ੍ਹਾਂ ਨੇ ਸਤਿਆਗ੍ਰਹੀਆਂ ਨੂੰ ਹਦਾਇਤ ਕੀਤੀ ਕਿ ਉਹ ਇਸ ਸਬੰਧੀ ਚੌਕਸ ਰਹਿਣ। ਉਨ੍ਹਾਂ ਕਿਹਾ ਕਿ ਜੇ ਸ: ਦਰਬਾਰਾ ਸਿੰਘ ਇਹ ਸਮਝਦੇ ਹਨ ਕਿ ਅਕਾਲੀ ਵਲੰਟੀਅਰਾਂ ਦੀ ਗਿਣਤੀ ਘਟ ਹੋ ਗਈ ਹੈ ਤਾਂ ਅਸੀਂ ਵਡੇ ਜਥੇ ਭੇਜਣ ਲਈ ਵੀ ਤਿਆਰ ਹਾਂ। —ਰੋਜ਼ਾਨਾ ਅਜੀਤ,27-12-82

---

## ਦਸੰਬਰ 1982 ਦਾ ਸੂਰਾ

ਪਾਠਕਾਂ ਪਾਸ ਬੇਨਤੀ ਹੈ ਕਿ ਦਸੰਬਰ ਦਾ ਪਰਚਾ ਡਾਕ ਦੀ ਗੜਬੜੀ ਕਰਕੇ ਬਹੁਤ ਬੁਰੀ ਤਰ੍ਹਾਂ ਰੁਲ ਗਿਆ ਹੈ ਅਤੇ ਕਾਫ਼ੀ ਪਾਠਕਾਂ ਪਾਸ ਨਹੀਂ ਪੁਜਾ। ਪਰਚਾ ਨਾ ਪੁਜਣ ਦੇ ਪਾਠਕਾਂ ਵਲੋਂ ਕਾਫੀ ਪੱਤਰ ਪੁਜ ਚੁਕੇ ਹਨ। ਜਿਨ੍ਹਾਂ ਸਜਣਾਂ ਨੂੰ ਪਰਚਾ ਨਹੀਂ ਪੁਜਾ, ਉਹ ਦਸੰਬਰ ਦੇ ਅਖੀਰ ਤਕ ਪਰਚੇ ਦੀ ਉਡੀਕ ਕਰਨ। ਅਤੇ ਜੇ ਪਹਿਲੀ ਜਨਵਰੀ ਤਕ ਵੀ ਪਰਚਾ ਨਾ ਪੁਜੇ ਤਾਂ ਦੁਬਾਰਾ ਪੰਦਰਾਂ ਪੈਸੇ ਦਾ ਕਾਰਡ ਲਿਖ ਭੇਜਣ ਦੀ ਖੇਚਲ ਕਰਨ, ਤਾਕਿ ਡੁਪਲੀਕੇਟ ਪਰਚਾ ਭੇਜਣ ਦਾ ਜਤਨ ਕੀਤਾ ਜਾਵੇ ਜੀ।

**ਅਮਾਨਤੀ ਲਾਈਫ ਮੈਂਬਰ—ਥਾਂ ਦੀ ਥੁੜ ਕਰ ਕੇ ਨਵੇਂ ਮੈਂਬਰਾਂ ਦਾ ਵੇਰਵਾ ਨਹੀਂ ਦਿਤਾ ਜਾ ਸਕਿਆ।**

www.AKJ.org

# ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ—ਸਾਲਾਨਾ ਅਖੰਡ ਕੀਰਤਨ ਸਮਾਗਮ

## ੧੦ ਫ਼ਰਵਰੀ ਸਵੇਰ ਤੋਂ ੧੩ ਫ਼ਰਵਰੀ ੧੯੮੩ ਐਤਵਾਰ ਸਵੇਰ ਤਕ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਜੁੜ ਰਹੇ ਹਨ। ਪ੍ਰੋਗਰਾਮ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

੧੦-੨-੮੩ ਸਵੇਰੇ ਸ੍ਰੀ ਅਖੰਡਪਾਠ ਅਰੰਭ ਗੁਰੂ ਤੇਗ ਬਹਾਦਰ ਨਿਵਾਸ ਅਸਥਾਨ ਦੇ ਨਾਲ ਪ੍ਰਾਇਮਰੀ ਸਕੂਲ ਵਿਚ
ਸ਼ਾਮ ੫ ਤੋਂ ੮ ਅਖੰਡ ਕੀਰਤਨ — ਪੰਜਾਬੀ ਯੂਨੀਵਰਸਿਟੀ ਪਟਿਆਲਾ
੧੧-੨-੮੩ ਸਵੇਰੇ ੪ ਤੋਂ ੧੧ ਆਸਾ ਦੀ ਵਾਰ ਤੇ ਅਖੰਡ ਕੀਰਤਨ — ਗੁਰਦਵਾਰਾ ਨਵੀਨ ਸਿੰਘ ਸਭਾ ਪਟਿਆਲਾ
ਸ਼ਾਮ ੫ ਤੋਂ ੭ ਅਖੰਡ ਕੀਰਤਨ — ਗੁਰਦਵਾਰਾ ਮੋਤੀ ਬਾਗ ਪਟਿਆਲਾ
੧੨-੨-੮੩ ਸਵੇਰੇ ੪ ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ੫ ਤੋਂ ੧੨ ਤਕ ਹਜ਼ੂਰੀ ਕੀਰਤਨ ਗੁ: ਦੂਖ ਨਿਵਾਰਨ ਸਾਹਿਬ
ਸ਼ਾਮ ੪ ਵਜੇ ਅੰਮ੍ਰਿਤ ਸਿੰਚਾਰ ਅਰੰਭ ਹੋਵੇਗਾ
ਰਾਤ ੭ ਵਜੇ ਰੈਣ ਸਬਾਈ ਕੀਰਤਨ ਅਰੰਭ; ਸਮਾਪਤੀ ੧੩-੨-੮੩ ਐਤਵਾਰ ਸਵੇਰੇ ੬ ਵਜੇ

ਨੋਟ—ਰਿਹਾਇਸ਼ ਤੇ ਲੰਗਰ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ। ਬਿਸਤਰੇ ਲੋੜ ਅਨੁਸਾਰ ਨਾਲ ਲਿਆਓ ਜੀ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜਥਾ, ਪਟਿਆਲਾ

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ ੧੫ ਜਨਵਰੀ ੧੯੮੩ ਸ਼ਨੀਵਾਰ ਰਾਤ ਨੂੰ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਖੇ ੧੪-੧-੮੩ ਸਵੇਰ ਤੋਂ ਸਿਮਰਨ, ਨਿਤਨੇਮ, ਅਖੰਡ ਕੀਰਤਨ ਤੇ ਕਥਾ ਦੇ ਪ੍ਰੋਗਰਾਮ ਹੋ ਰਹੇ ਹਨ। ੧੫ ਜਨਵਰੀ ਸ਼ਨੀਵਾਰ ਸ਼ਾਮ ਨੂੰ ੭ ਵਜੇ ਰੈਣ ਸਬਾਈ ਕੀਰਤਨ ਅਰੰਭ ਹਣਗੇ ਅਤੇ ਅੰਮ੍ਰਿਤ ਸਿੰਚਾਰ ਸਮਾਗਮ ੮ ਵਜੇ ਰਾਤ ਅਰੰਭ ਹੋਵੇਗਾ। ਪੂਰੀ ਸਮਾਪਤੀ ਐਤਵਾਰ ਸਵੇਰੇ ੮ ਵਜੇ ੧੬ ਜਨਵਰੀ ਨੂੰ ਹੋਵੇਗੀ। ਹਾਜ਼ਰੀਆਂ ਭਰ ਕੇ ਲਾਹੇ ਲਵੋ ਜੀ। ਸਮਾਗਮ ਅਸਥਾਨ-ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਨੇੜੇ ਗਿਲ ਹਸਪਤਾਲ, ਦੋਸਾਂਝ ਰੋਡ, ਮੋਗਾ

## ਪਿੰਡ ਘਣਗਸ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦਿੰਦੇ ਹਨ ਕਿ ਡਾਕਟਰ ਕੌਰ ਸਿੰਘ ਜੀ ਦੇ ਗ੍ਰਹਿ ਪਿੰਡ ਘਣਗਸ ਵਿਖੇ ੧੫ ਜਨਵਰੀ ੧੯੮੩ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

## ਸ੍ਰੀ ਅੰਮ੍ਰਿਤਸਰ ਦੇ ਇਤਿਹਾਸਕ ਗੁਰ-ਅਸਥਾਨਾਂ ਵਿਖੇ ਕੀਰਤਨ

ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ ਵਲੋਂ ਹੇਠ ਲਿਖੇ ਗੁਰ-ਅਸਥਾਨਾਂ ਤੇ ਸ਼ਾਮ ਦੇ ਕੀਰਤਨ ਹੋ ਰਹੇ ਹਨ :---

੧. ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ਐਤਵਾਰ ੨੩ ਜਨਵਰੀ ੧੯੮੩ ਸ਼ਾਮ ੫ ਤੋਂ ੭-੦੦ ਤਕ
੨. ਗੁਰਦੁਆਰਾ ਗੁਰੂ ਕੇ ਮਹਿਲ ਐਤਵਾਰ ੩੦ ਜਨਵਰੀ ੧੯੮੩ ਸ਼ਾਮ ੫ ਤੋਂ ੭-੦੦ ਤਕ
੩. ਗੁਰਦੁਆਰਾ ਪਿਪਲੀ ਸਾਹਿਬ ਪੁਤਲੀ ਘਰ ਵਿਖੇ ਐਤਵਾਰ ੬ ਫ਼ਰਵਰੀ ੧੯੮੩ ਸ਼ਾਮ ੫ ਤੋਂ ੮੦-੩੦ ਤਕ

## ਤਰਨ ਤਾਰਨ ਵਿਖੇ ਹਰ ਮਸਿਆ ਸਮੇਂ ਅਖੰਡ ਕੀਰਤਨ

ਭਾਈ ਪਰਮਜੀਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਤਰਨ ਤਾਰਨ ਵਲੋਂ ਹਰ ਮਸਿਆ ਦੀ ਰਾਤ (ਚੌਦਵੀਂ ਵਾਲੀ ਰਾਤ) ਨੂੰ ਰੈਣ ਸਬਾਈ ਕੀਰਤਨ ਪ੍ਰੋਗਰਾਮ ਗੰਢਿਆਂ ਵਾਲੀ ਧਰਮਸਾਲਾ ਵਿਖੇ (ਦਰਬਾਰ ਸਾਹਿਬ ਜਾਣ ਵਾਲੀ ਸੜਕ ਤੇ ਖੱਬੇ ਪਾਸੇ) ਹੋਇਆ ਕਰਨਗੇ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

## ਪਿੰਡ ਗੁਦਾਈਪੁਰ (ਜਲੰਧਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਪਰਮਜੀਤ ਸਿੰਘ ਜੀ ਤਰਨ ਤਾਰਨ ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਜਲੰਧਰ ਵਲੋਂ ਪਿੰਡ ਗੁਦਾਈਪੁਰ ਨੇੜੇ ਜਲੰਧਰ ਸ: ਸਤਪਾਲ ਸਿੰਘ ਦੇ ਗ੍ਰਹਿ ਵਿਖੇ ੨੧ ਤੋਂ ੨੩ ਜਨਵਰੀ ਐਤਵਾਰ ਤਕ ਸ੍ਰੀ ਅਖੰਡਪਾਠ ਹੋਣਗੇ। ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ੧੨ ਵਜੇ ਤਕ ਅਖੰਡ ਕੀਰਤਨ ਹੋਣਗੇ। ਬਸ ਸਟੈਂਡ ਜਲੰਧਰ ਤੋਂ ਲੋਕਲ ਬਸ ਰੰਧਾਵਾ ਮੋਖਾ ਵਾਲੀ ੫ ਵਜੇ ਸ਼ਾਮ ਤਕ ਮਿਲਦੀ ਹੈ। ਮਕਸੂਦਾ ਫਾਟਕ ਤੋਂ ਰਿਕਸ਼ੇ ਮਿਲ ਜਾਂਦੇ ਹਨ।

www.AKJ.Org